
ਹੱਸਦੀ ਦੁਨੀਆ
Hansti Duniya
(Punjabi)
• Vol. 43
• No. 5
• May 2019
₹15/-

# ਹੰਸਤੀ ਦੁਨੀਆ

ਹੰਸਤੀ ਦੁਨੀਆ

• Vol.43 • ਅੰਕ : 05 • ਮਈ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Editor (Honorary)*
Sulekh Singh 'Sathi'
Email: editorial@nirankari.org
Ph.: 011-47660200
Fax: 011-27608215
Website: http//www.nirankari.org
kids.nirankari.org

## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |


Other Countries
Equivalent to U.S. Dollars as mentioned above.

ਸਭ ਤੋਂ ਪਹਿਲਾਂ



ਆਓ
ਪ੍ਰਣ ਕਰੀਏ
4




## ਸਤੰਭ

ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50



## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46
















## ਕਹਾਣੀਆਂ


ਕਾਂ ਫਿਰ ਵਾਪਿਸ ਆਇਆ
– ਦਰਸ਼ਨ ਸਿੰਘ 'ਆਸ਼ਟ' 06
ਵਫ਼ਾਦਾਰ ਵਜ਼ੀਰ
– ਦੀਪਾਂਸ਼ੂ ਜੈਨ 12
ਮਾਂ ਦੀ ਨਸੀਹਤ
– ਡਾ. ਸੇਵਾ ਨੰਦਵਾਲ 24
ਸ਼ੱਕ ਦੂਰ ਹੋਇਆ
– ਰਾਜ ਕੁਮਾਰ 'ਰਾਜਨ' 28
ਖਰਗੋਸ਼ ਅਤੇ ਹਾਥੀ
– ਅਮਨਪ੍ਰੀਤ ਸਿੰਘ 32
ਹੁਣ ਚੋਰੀ ਨਹੀਂ
– ਰਾਮ ਕੁਮਾਰ 40
ਦੇਸ਼ ਦਾ ਬੇਟਾ
– ਸ਼ਿਵਚਰਣ ਚੌਹਾਨ 44


## ਗੀਤ-ਕਵਿਤਾਵਾਂ


ਮਾਤਾ-ਪਿਤਾ ਦੀ ਸੇਵਾ
– ਪ੍ਰਿਤਪਾਲ ਸਾਦਿਕ 5
ਮੇਲਾ ਵੇਖੋ ਬੱਚਿਓ
– ਆਤਮਾ ਸਿੰਘ 11
ਮੇਰੀ ਦਾਦੀ ਮਾਂ
– ਬਲਵਿੰਦਰ 'ਬਾਲਮ' 18
ਕਤੂਰਾ
– ਭੁਪਿੰਦਰ ਸਿੰਘ 'ਆਸ਼ਟ' 31
ਆਓ ਬੱਦਲੋ !
– ਹਰਿੰਦਰ ਸਿੰਘ 'ਗੋਗਨਾ' 34
ਕਾਕਾ ਸਾਡਾ ਬੜਾ ਸਿਆਣਾ
– ਮਦਨ-ਰਾਣਾ 39


## ਵਿਸ਼ੇਸ਼ ਲੇਖ


ਯੁਗਦ੍ਰਿਸ਼ਟਾ-ਬਾਬਾ ਹਰਦੇਵ ਸਿੰਘ ਜੀ
– ਸ਼੍ਰੀਰਾਮ ਪ੍ਰਜਾਪਤੀ 14
ਚੀਨ ਦੀ ਦੀਵਾਰ
– ਸਤਯਵਾਨ ਮਲਿਕ 26
ਖੂਬਸੂਰਤ- ਬਰਲਿਨ ਸ਼ਹਿਰ
– ਨਿਰਮਲ 'ਪ੍ਰੇਮੀ' 34
ਕੁਦਰਤ ਦੇ ਹੈਰਾਨੀਜਨਕ ਨਜ਼ਾਰੇ
– ਅਰਚਨਾ ਜੈਨ 36
ਚਾਕਲੇਟ ਦੀ ਕਹਾਣੀ
– ਡਾ. ਗੁਰਚਰਨ ਸਿੰਘ 43

# ਆਓ ਪ੍ਰਣ ਕਰੀਏ



ਪਿਆਰੇ ਬੱਚਿਓ! ਤੁਸੀਂ ਜਾਣਦੇ ਹੋ ਕਿ ਇਸ ਸ੍ਰਿਸ਼ਟੀ ਦੀ ਰਚਨਾ ਨਿਰੰਕਾਰ ਪ੍ਰਭੂ ਨੇ ਕੀਤੀ ਹੈ ਅਤੇ ਇਸਦੀ ਪਾਲਨਾ ਵੀ ਨਿਰੰਕਾਰ ਆਪ ਹੀ ਕਰਦਾ ਹੈ, ਪਰ ਕਿਸੀ ਨਾ ਕਿਸੀ ਮਾਧਿਯਮ ਰਾਹੀਂ। ਨਿਰੰਕਾਰ ਦਾ ਸੱਭ ਤੋਂ ਵੱਡਾ ਮਾਧਿਯਮ ਸਤਿਗੁਰੂ ਹੁੰਦਾ ਹੈ। ਸਤਿਗੁਰੂ ਦੇ ਮਾਧਿਯਮ ਰਾਹੀਂ ਹੀ ਨਿਰੰਕਾਰ ਸੰਸਾਰ ਦੇ ਸਾਰੇ ਕੰਮਾਂ ਨੂੰ ਸਿਰੇ ਚੜਾਉਂਦਾ ਹੈ। ਇਥੋਂ ਤਕ ਕਿ ਨਿਰੰਕਾਰ ਪ੍ਰਭੂ ਦੀ ਜਾਣਕਾਰੀ ਵੀ ਸਤਿਗੁਰੂ ਰਾਹੀਂ ਹੀ ਹੋ ਸਕਦੀ ਹੈ। ਨਿਰੰਕਾਰ ਪ੍ਰਭੂ ਕਿਸੀ ਨਾ ਕਿਸੀ ਘਟਿ ਨੂੰ ਚੁਣਦਾ ਹੈ ਅਪਣੇ ਆਪ ਨੂੰ ਪ੍ਰਗਟ ਕਰਨ ਲਈ। ਅੱਜ ਦੇ ਸਮੇਂ ਵਿਚ ਸਤਿਗੁਰੂ ਰੂਪ ਵਿਚ ਨਿਰੰਕਾਰ ਪ੍ਰਭੂ ਦਾ ਬੋਧ ਕਰਵਾਉਣ ਵਾਲੇ ਹਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ।

ਪਿਆਰੇ ਬੱਚਿਓ ! ਸੰਨ 1980 ਤੋਂ ਲੈ ਕੇ 2016 ਤਕ ਜਿਸ ਸਵਰੂਪ ਰਾਹੀਂ ਮਨੁੱਖ ਮਾਤਰ ਨੂੰ ਸੰਸਾਰਿਕ ਅਤੇ ਅਧਿਆਤਮਕ ਮਾਰਗਦਰਸ਼ਨ ਪ੍ਰਾਪਤ ਹੁੰਦਾ ਰਿਹਾ; ਉਹ ਸਰੂਪ ਸੀ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ 1980 ਦੇ ਮੁਸ਼ਕਿਲ ਹਾਲਾਤਾਂ ਸਮੇਂ ਮਿਸ਼ਨ ਦੀ ਬਾਗਡੋਰ ਸੰਭਾਲਣ ਤੋਂ ਬਾਦ ਉਨ੍ਹਾਂ ਅਨੇਕਾਂ ਰੂਪਾਂ ਵਿਚ ਸੰਸਾਰ ਦੇ ਕਲਿਆਣ ਦੇ ਕਾਰਜ ਕੀਤੇ। ਮਨੁੱਖੀ ਰਿਸ਼ਤਿਆਂ ਵਿਚ ਨਿਘ ਲਿਆਉਣ ਲਈ ਖ਼ੂਨਦਾਨ ਕੈਂਪਾਂ ਦਾ ਆਰੰਭ ਕਰਵਾਇਆ ਤਾਂਕਿ ਲੋੜਵੰਦਾਂ ਜੀ ਜਾਨ ਬਚਾਈ ਜਾ ਸਕੇ। ਸ਼ਾਇਦ ਤੁਹਾਨੂੰ ਨਾ ਪਤਾ ਹੋਵੇ, ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਨਿਰੰਕਾਰੀ ਸ਼ਰਧਾਲੂ ਇਸ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣਦੇ ਹਨ।

ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦੀ ਇਕ ਹੋਰ ਕ੍ਰਾਂਤੀਕਾਰੀ ਦੇਨ ਹੈ ਜੋ ਉਨ੍ਹਾਂ ਅਪਣੇ ਸਮੇਂ ਦਿੱਤੀ, ਉਹ ਸੀ ਸਫ਼ਾਈ ਮੁਹਿੰਮ ਅਤੇ ਰੁੱਖ ਲਗਾਓ ਮੁਹਿੰਮ। ਆਪਨੇ ਸਪਸ਼ਟ ਕੀਤਾ ਕਿ ਪ੍ਰਦੂਸ਼ਣ ਅੰਦਰ ਹੋਵੇ ਜਾਂ ਬਾਹਰ, ਦੋਵੇਂ ਹੀ ਖ਼ਤਰਨਾਕ ਹਨ, ਇਸਲਈ ਜਿਥੇ ਆਤਮ ਗਿਆਨ ਜ਼ਰੂਰੀ ਹੈ ਉਥੇ ਆਲੇ-ਦੁਆਲੇ ਦੀ ਸਫ਼ਾਈ ਵੀ ਬਹੁਤ ਜ਼ਰੂਰੀ ਹੈ। ਮਨਾਂ ਦੀਆਂ ਦੂਰੀਆਂ ਨੂੰ ਖਤਮ ਕਰਨ ਲਈ ਉਨ੍ਹਾਂ ਏਕਤਵ ਅਤੇ ਦੀਵਾਰ ਰਹਿਤ ਸੰਸਾਰ ਦਾ ਸੰਦੇਸ਼ ਜਨ-ਮਾਨੁਸ਼ ਨੂੰ ਦਿੱਤਾ ਅਤੇ ਸਮਝਾਇਆ ਕਿ ਦੁਨੀਆ ਵਿਚ ਰਹਿਣ ਵਾਲਾ ਹਰ ਇਨਸਾਨ ਭਾਵੇਂ ਕਿਸੇ ਜਾਤ ਦਾ ਹੈ, ਕਿਸੇ ਵੀ ਰੰਗ ਦਾ ਹੈ, ਕੋਈ ਵੀ ਬੋਲੀ ਬੋਲਦਾ ਹੈ; ਇਕ ਪ੍ਰਭੂ ਦੀ ਸੰਤਾਨ ਹੋਣ ਨਾਤੇ ਇਕ ਹੈ; ਇਸ ਤਰ੍ਹਾਂ ਉਨ੍ਹਾਂ ਸੰਸਾਰ ਵਿਚ ਏਕਤਾ ਕਾਇਮ ਕਰਨ ਦੇ ਜਤਨ ਕੀਤੇ।

ਪਿਆਰੇ ਬੱਚਿਓ! ਅਜਿਹੀ ਸੁੰਦਰ ਸਿਖਿਆ ਅਪਣੇ ਕਰਮ ਰਾਹੀਂ ਦੇਣ ਵਾਲੇ ਮਹਾਂਮਾਨਵ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਇਸੀ ਮਹੀਨੇ ਦੀ 13 ਤਾਰੀਕ ਨੂੰ ਬ੍ਰਹਮਲੀਨ ਹੋਏ ਸਨ। ਮਨੁੱਖਤਾ ਨੂੰ ਦਿੱਤੀ ਉਨ੍ਹਾਂ ਦੀ ਦੇਨ ਨੂੰ ਯਾਦ ਕਰਦੇ ਹੋਏ ਆਓ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਆਪਣੇ ਜੀਵਨ ਵਿਚ ਅਪਨਾਉਣ ਦਾ ਪ੍ਰਣ ਕਰੀਏ।

ਸੁਲੇਖ 'ਸਾਥੀ'
ssathi_2007@yahoo.com

ਬਾਲ ਕਵਿਤਾ - ਪ੍ਰਿਤਪਾਲ ਸਾਦਿਕ

# ਮਾਤਾ-ਪਿਤਾ ਦੀ ਸੇਵਾ ਕਮਾਉ



ਮਾਤਾ-ਪਿਤਾ ਦੀ ਸੇਵਾ ਕਮਾਉ,
ਦੁਨੀਆ ਦੇ ਵਿੱਚ ਸੋਭਾ ਪਾਉ,
ਇਹਨਾਂ ਵਰਗਾ ਹੋਰ ਨਾਂ ਕੋਈ,
ਜੋ ਮੰਗੋ ਇਹ ਦਿੰਦੇ ਸੋਈ।

ਲਾਡ ਲਡਾਵਣ ਖੁਸ਼ੀ ਮਨਾਵਣ,
ਬੱਚਿਆਂ ਉਤੋਂ ਵਾਰੇ ਜਾਵਣ,
ਤੁਸੀਂ ਉਹਨਾਂ ਦੇ ਨੈਣ-ਪ੍ਰਾਣ,
ਵੇਖ ਤੁਹਾਨੂੰ ਇਹ ਮੁਸਕਾਣ।




ਹੱਸੋਗੇ ਤਾਂ ਹੱਸਣਗੇ ਉਹ,
ਵੱਸੋਗੇ ਤਾ ਵੱਸਣਗੇ ਉਹ,
ਦੂਰ ਕਦੇ ਨਾ ਨੱਸਣਗੇ ਉਹ,
ਜੋ ਪੁੱਛੋਗੇ ਦੱਸਣਗੇ ਉਹ।

ਫਲ ਤੁਸੀਂ ਹੋ ਉਹ ਨੇ ਰੁੱਖ,
ਸੁੱਖ ਦਿੰਦੇ ਸਹਿ ਲੈਂਦੇ ਉਹ ਦੁੱਖ,
ਇਹਨਾਂ ਵਰਗੀ ਸੰਘਣੀ ਛਾਂ,
ਮਿਲ ਨਾ ਸਕਦੀ ਦੂਜੀ ਥਾਂ।

❐ ਡਾ: ਦਰਸ਼ਨ ਸਿੰਘ ਆਸ਼ਟ


# ਕਾਂ ਫਿਰ ਵਾਪਸ ਆਇਆ



ਕਿੱਕਰ ਦੇ ਰੁੱਖ ਤੇ ਇੱਕ ਕਾਂ ਅਤੇ ਇਕ ਬਗਲਾ ਰਹਿੰਦੇ ਸਨ। ਕਾਂ ਜਦ ਬਗਲੇ ਨੂੰ ਵੇਖਦਾ ਤਾਂ ਦੁੱਖੀ ਹੋ ਉਠਦਾ। ਮਨ ਹੀ ਮਨ ਪ੍ਰਭੂ ਅਗੇ ਪ੍ਰਾਰਥਨਾ ਕਰਦਾ - ਹੇ ਪ੍ਰਭੂ, ਮੈਨੂੰ ਵੀ ਬਗਲੇ ਵਰਗਾ ਸਫੈਦ ਰੰਗ ਬਖਸ਼ ਦਿਉ। ਤਦ ਮੈਂ ਵੀ ਕਿੰਨਾ ਸੁੰਦਰ ਲੱਗਾਂਗਾ। ਸਮਾਂ ਗੁਜਰਦਾ ਗਿਆ। ਕਾਂ ਦੀ ਬਗਲੇ ਵਰਗਾ ਸਫੈਦ ਰੰਗ ਦਾ ਪੰਛੀ ਬਣਨ ਦੀ ਧੁਨ ਹੋਰ ਵੀ ਜ਼ਿਆਦਾ ਵਧਦੀ ਗਈ। ਇਕ ਦਿਨ ਕਾਂ ਬਗਲੇ ਨੂੰ ਬੋਲਿਆ- ਮੈਂ ਵੀ ਤੇਰੇ ਵਰਗਾ ਸਫੈਦ ਬਣਨਾ ਚਾਹੁੰਦਾ ਹਾਂ, ਮੈਨੂੰ ਸਫੈਦ ਹੋਣ ਦਾ ਰਾਜ ਤਾਂ ਦੱਸ ਦੇ।

ਬਗਲਾ ਹੱਸਦਾ ਹੋਇਆ ਬੋਲਿਆ - ਕਾਂ ਭਰਾ, ਕੁਦਰਤ ਨੇ ਸਾਨੂੰ ਜਿਹੋ ਜਿਹਾ ਵੀ ਰੰਗ-ਰੂਪ ਦਿੱਤਾ ਹੈ ਉਸੇ ਨਾਲ ਸੰਤੁਸ਼ਟ ਹੋ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

- ਮੈਂ ਸਮਝ ਗਿਆ। ਤੂੰ ਨਹੀਂ ਚਾਹੁੰਦਾ ਕਿ ਕੋਈ ਹੋਰ ਪੰਛੀ ਤੇਰੇ ਵਾਂਗ ਸਫੈਦ ਰੰਗ ਦਾ ਹੋਵੇ। ਤੂੰ ਸਫੈਦ ਹੋਣ ਦਾ ਰਾਜ ਨਹੀਂ ਦੱਸਣਾ ਚਾਹੁੰਦਾ ਤਾਂ ਨਾ ਸਹੀ ਲੇਕਿਨ ਇਕ ਗੱਲ ਕੰਨ ਖੋਲ੍ਹ ਕੇ ਸੁਣ ਲੈ। ਇਕ ਦਿਨ ਮੈਂ ਜ਼ਰੂਰ ਸਫੈਦ ਕਾਂ ਬਣ ਕੇ





ਦਿਖਾਵਾਂਗਾ। ਫਿਰ ਕਰਨਾ ਮੇਰਾ ਮੁਕਾਬਲਾ। – ਕਹਿ ਕੇ ਕਾਂ ਉਡੱ ਗਿਆ।

ਉਡਦਾ-ਉਡਦਾ ਕਾਂ ਇਕ ਅਜਿਹੇ ਸਥਾਨ ਤੇ ਪਹੁੰਚ ਗਿਆ, ਜਿਥੇ ਬਹੁਤ ਸਾਰੇ ਕਾਂ ਬੈਠ ਕੇ ਕੁਝ ਖਾ ਰਹੇ ਸਨ। ਜਦ ਕਾਂ ਉਹਨਾਂ ਦੇ ਉਪਰੋਂ ਗੁਜਰਨ ਲੱਗਾ ਤਾਂ ਇਕ ਬੁੱਢੇ ਕਾਂ ਨੇ ਉਹਨੂੰ ਆਵਾਜ਼ ਦਿੱਤੀ – ਆ ਜਾ ਭਾਈ ਤੂੰ ਵੀ। ਇਥੇ ਖਾਣ ਲਈ ਬਹੁਤ ਕੁਝ ਪਿਆ ਹੈ।

– ਤੁਸੀਂ ਹੀ ਖਾਓ। ਤੁਹਾਡਾ ਅਤੇ ਮੇਰਾ ਕੀ ਮੇਲ? ਹੁਣ ਮੈਂ ਤੁਹਾਡੇ ਵਰਗਾ ਕਾਲਾ-ਕਲੂਟਾ ਨਹੀਂ ਰਹਾਂਗਾ। ਹੰਸ ਜਾਂ ਬਗਲੇ ਦੀ ਤਰ੍ਹਾਂ ਸਫੈਦ ਕਾਂ ਬਣ ਕੇ ਵਿਖਾਵਾਂਗਾ। – ਕਾਂ ਕੌੜੀ ਆਵਾਜ਼ ਵਿੱਚ ਬੋਲਿਆ।

ਸਫੈਦ ਕਾਂ ਬਣਨ ਜਾ ਰਿਹਾ ਹੈ? ਵਾਹ! ਤਦ ਤਾਂ ਸਾਨੂੰ ਵੀ ਸਫੈਦ ਬਣਨ ਦਾ ਰਾਜ ਦੱਸਣਾ ਭਾਈ।– ਹੱਸਦਾ ਹੋਇਆ ਬੁੱਢਾ ਕਾਂ ਬੋਲਿਆ। ਬਾਕੀ ਕਾਂ ਵੀ ਹੱਸਣ ਲੱਗੇ।

ਲੇਕਿਨ ਉਸ ਕਾਂ ਨੇ ਉਹਨਾਂ ਦੀ ਇਕ ਨਾ ਸੁਣੀ। ਉਡਦਾ-ਉਡਦਾ ਉਹ ਇਕ ਘਣੇ ਜੰਗਲ ਵਿੱਚ ਚਲਾ ਗਿਆ। ਜੰਗਲ ਵਿੱਚ ਨਿਰਮਲ ਪਾਣੀ ਦੀ ਇਕ ਵੱਡੀ ਝੀਲ ਵਿੱਚ ਹੰਸ ਨੂੰ ਤੈਰਦਾ ਵੇਖ ਕੇ ਕਾਂ ਖੁਸ਼ ਹੋ ਗਿਆਂ।

– ਹੰਸ ਭਾਈ, ਮੈਂ ਵੀ ਤੇਰੇ ਵਰਗਾ ਸਫੈਦ ਰੰਗ ਵਾਲਾ ਬਣਨਾ ਚਾਹੁੰਦਾ ਹਾਂ। ਕਾਲੇ ਰੰਗ ਤੋਂ ਮੈਨੂੰ ਨਫ਼ਰਤ ਹੈ। ਮੈਨੂੰ ਸਫੈਦ ਬਣਨ ਦੀ ਕੋਈ ਤਰਕੀਬ ਦੱਸ ਤਾਂ .......

– ਕਾਂ ਨੇ ਗਿੜਗੜਾਉਂਦੇ ਹੋਏ ਹੰਸ ਨੂੰ ਕਿਹਾ।

– ਸਫੈਦ ਰੰਗ ਦਾ ਬਣਨਾ ਚਾਹੁੰਦਾ ਹੈ? ਕਹਿ ਕੇ ਹੰਸ ਮੁਸਕਰਾਇਆ। ਕੁਦਰਤ ਨੇ ਸਾਨੂੰ ਜਿਹੋ-

ਜਿਹਾ ਰੰਗ-ਰੂਪ ਦਿੱਤਾ ਹੈ, ਉਸੇ ਨਾਲ ਹੀ ਸੰਤੁਸ਼ਟ ਹੋ ਕੇ ਜੀਣਾ ਚਾਹੀਦਾ ਹੈ।

– ਠੀਕ ਹੈ, ਠੀਕ ਹੈ; ਨਾ ਦੱਸ। ਤੂੰ ਨਹੀਂ ਚਾਹੁੰਦਾ ਕਿ ਕੋਈ ਪੰਛੀ ਤੇਰੇ ਵਰਗਾ ਸੁੰਦਰ ਅਤੇ ਸਫੈਦ ਦਿਖਾਈ ਦੇਵੇ ਲੇਕਿਨ ਮੈਂ ਵੀ ਠਾਨ ਲਈ ਹੈ ਕਿ ਸਫੈਦ ਕਾਂ ਜ਼ਰੂਰ ਬਣ ਕੇ ਰਹਾਂਗਾ। ਕਹਿ ਕੇ ਕਾਂ ਝੀਲ ਵਿੱਚ ਡੁਬਕੀਆਂ ਲਗਾਉਣ ਲੱਗਾ। ਉਸ ਦਾ ਖਿਆਲ ਸੀ ਕਿ ਸ਼ਾਇਦ ਝੀਲ ਵਿੱਚ ਰਹਿਣ ਦੇ ਕਾਰਣ ਹੀ ਹੰਸ ਦਾ ਰੰਗ ਸਫੈਦ ਹੈ। ਉਹ ਬੜੀ ਦੇਰ ਤੱਕ ਡੁਬਕੀਆਂ ਲਗਾਉਂਦਾ ਰਿਹਾ, ਲੇਕਿਨ ਉਸ ਦੇ ਰੰਗ ਵਿੱਚ ਕੋਈ ਫਰਕ ਨਹੀਂ ਆਇਆ। ਨਿਰਾਸ਼ ਹੋ ਕੇ ਕਾਂ ਉਥੋਂ ਉਡ ਕੇ ਪਿੰਡ ਵੱਲ ਆ ਗਿਆ।

ਇਕ ਜਗ੍ਹਾ ਤੇ ਉਸ ਨੇ ਵੇਖਿਆ ਕਿ ਸ਼ਾਮ ਨੂੰ ਕੁਝ ਬੱਚੇ ਕਿਸੇ ਨਾਟਕ ਦੀ ਤਿਆਰੀ ਕਰ ਰਹੇ ਸਨ। ਉਹ ਨੇੜੇ ਦੇ ਇਕ ਰੁੱਖ ਤੇ ਜਾ ਬੈਠਾ। ਉਹਨਾਂ ਨੂੰ ਧਿਆਨ ਨਾਲ ਵੇਖਦਾ ਰਿਹਾ।

ਕਾਲੇ ਰੰਗ ਦੇ ਇਕ ਲੜਕੇ ਨੇ ਛੋਟੀ-ਜਿਹੀ ਥੈਲੀ ਵਿਚੋਂ ਪਾਊਡਰ ਕੱਢ ਕੇ ਹੱਥਾਂ ਤੇ ਮਲਿਆ, ਫਿਰ ਚਿਹਰੇ ਤੇ ਲਗਾਇਆ। ਉਸਦਾ ਚਿਹਰਾ ਸਫੈਦ ਦਿਖਾਈ ਦੇਣ ਲੱਗਾ। ਕਾਂ ਨੇ ਮਨ ਹੀ ਮਨ ਚੁਟਕੀ ਵਜਾਈ ਅਤੇ ਅੱਖ ਬਚਾ ਕੇ ਪਾਊਡਰ ਦੀ ਥੈਲੀ ਚੁੰਝ ਵਿੱਚ ਫੜ ਕੇ ਉਡਿਆ। ਇਕ ਜਗ੍ਹਾ ਜਾ ਕੇ ਉਸ ਨੇ ਥੈਲੀ ਵਿਚੋਂ ਸਾਰਾ ਪਾਊਡਰ ਕੱਢ ਕੇ ਆਪਣੇ ਸਾਰੇ ਸਰੀਰ ਤੇ ਲਗਾਇਆ ਲੇਕਿਨ ਜਦ ਉਹ ਉਡੱਣ ਲੱਗਾ ਤਾਂ ਸਾਰਾ ਪਾਊਡਰ ਉਤਰ ਗਿਆ। ਕਾਂ ਫਿਰ ਕਾਲੇ ਰੰਗ ਦਾ ਦਿਸਣ ਲੱਗਾ।

ਕਾਂ ਕਿਥੇ ਹਾਰ ਮੰਨਣ ਵਾਲਾ ਸੀ। ਉਥੋਂ ਉਡਦਾ-ਉਡਦਾ ਉਹ ਇਕ ਅਜਿਹੀ ਥਾਂ ਤੇ ਪਹੁੰਚਿਆ ਜਿਥੇ ਇੱਕ ਵੱਡੇ ਮਕਾਨ ਵਿੱਚ ਸਫੈਦੀ (ਕਲੀ) ਹੋ ਰਹੀ ਸੀ। ਸਫੈਦੀ ਕਰਨ ਵਾਲੇ ਲੋਕ ਮਕਾਨ ਦੇ ਬਾਹਰ ਰੱਖੇ ਇਕ ਵੱਡੇ ਡਰੱਮ ਵਿਚੋਂ ਸਫੈਦ ਰੰਗ ਦਾ ਚੂਨਾ ਬਾਲਟੀ ਵਿੱਚ ਪਾ ਕੇ ਲੈ ਜਾਂਦੇ ਅਤੇ ਦੀਵਾਰਾਂ ਤੇ ਕੂਚੀ ਫੇਰਨ ਲੱਗਦੇ। ਕੂਚੀ ਫੇਰਨ ਨਾਲ ਦੀਵਾਰਾਂ ਇਕਦਮ ਸਫੈਦ ਹੁੰਦੀਆਂ ਜਾ





ਰਹੀਆਂ ਸਨ। ਇਹ ਵੇਖ ਕੇ ਕਾਂ ਖੁਸ਼ ਹੋਇਆ ਅਤੇ ਮੌਕੇ ਦੀ ਭਾਲ ਕਰਨ ਲੱਗਾ। ਇਕ ਆਦਮੀ ਚੂਨੇ ਦੀ ਬਾਲਟੀ ਭਰ ਕੇ ਅੰਦਰ ਗਿਆ। ਕਾਂ ਨੇ 'ਆਵ ਵੇਖਿਆ ਨਾ ਤਾਵ' ਝਟਪਟ ਉਡੱ ਕੇ ਚੂਨੇ ਦੇ ਘੋਲ ਵਾਲੇ ਡਰੱਮ ਵਿੱਚ ਡੁਬਕੀ ਲਗਾ ਦਿੱਤੀ। ਕੁਝ ਹੀ ਪਲਾਂ ਵਿੱਚ ਉਸ ਦੀਆਂ ਅੱਖਾਂ ਵਿੱਚ ਜਲਨ ਹੋਣ ਲੱਗੀ। ਹੌਲੀ-ਹੌਲੀ ਸਾਰਾ ਸਰੀਰ ਜਲਨ ਲੱਗਾ। ਜਾਨ ਬਚਾਉਣ ਲਈ ਉਹ ਇਕ ਤਲਾਬ ਵਿੱਚ ਜਾ ਕੇ ਲਗਾਤਾਰ ਡੁਬਕੀਆਂ ਲਗਾਉਂਦਾ ਰਿਹਾ। ਤਦ ਕਿਤੇ ਜਾ ਕੇ ਉਸ ਦੀਆਂ ਅੱਖਾਂ ਅਤੇ ਸਰੀਰ ਦੇ ਬਾਕੀ ਹਿੱਸਿਆਂ ਵਿੱਚੋਂ ਸਫੈਦੀ ਦੀ ਜਲਨ ਦਾ ਅਸਰ ਘੱਟ ਹੋਇਆ।

ਕਾਫੀ ਦੇਰ ਬਾਦ ਜਦ ਕਾਂ ਪੂਰੀ ਤਰ੍ਹਾਂ ਹੋਸ਼ ਵਿੱਚ ਆਇਆ, ਤਾਂ ਉਸ ਨੇ ਆਪਣਾ ਮੱਥਾ ਪਿੱਟਿਆ ਅਤੇ ਰੰਗ ਸਫੈਦ ਕਰਨਾ ਭੁੱਲ ਕੇ ਆਪਣੇ ਘਰ ਵੱਲ ਉਡੱ ਗਿਆ।

ਸਾਰੇ ਸਾਥੀ ਉਹਨੂੰ ਵਾਪਸ ਆਇਆ ਵੇਖ ਕੇ ਬਹੁਤ ਹੱਸੇ ਪਰ ਉਹਨੂੰ ਹੁਣ ਪੂਰੀ ਤਰ੍ਹਾਂ ਸਮਝ ਆ ਗਈ ਸੀ ਕਿ ਜੋ ਪ੍ਰਭੂ ਨੇ ਦਿੱਤਾ ਹੈ ਉਸ ਵਿੱਚ ਸੰਤੋਖ ਕਰਨਾ ਚਾਹੀਦਾ ਹੈ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਤੁਸੀਂ ਤੈਰਨ ਲਈ ਪਾਣੀ ਵਿੱਚ ਸਿਰ ਜਾਂ ਪੈਰਾਂ ਦੇ ਬਲ ਹੀ ਛਾਲ ਕਿਉਂ ਮਾਰਦੇ ਹੋ?

**ਉਤਰ :** ਜਦ ਕੋਈ ਵਸਤੂ ਪਾਣੀ ਵਿੱਚ ਪਾਈ ਜਾਂਦੀ ਹੈ ਤਾਂ ਪਾਣੀ ਉਸ ਵਸਤੂ ਤੇ ਉਪਰ ਵੱਲ ਬਲ ਲਗਾਉਂਦਾ ਹੈ। ਅੰਤ: ਜਦ ਤੁਸੀਂ ਸਿਰ ਜਾਂ ਪੈਰ ਦੇ ਬਲ ਪਾਣੀ ਵਿੱਚ ਛਾਲ ਮਾਰਦੇ ਹੋ ਤਾਂ ਪਾਣੀ ਦਾ - ਬਲ ਸਾਡੇ ਸਿਰ ਜਾਂ ਪੈਰਾਂ ਤੇ ਹੀ ਉਪਰ ਵੱਲ ਲੱਗਦਾ ਹੈ। ਅਗਰ ਤੁਸੀਂ ਪਾਣੀ ਦੇ ਸਮਾਨਾਂਤਰ ਛਾਲ ਮਾਰੋਗੇ ਤਾਂ ਇਹ ਬਲ ਸ਼ਰੀਰ ਤੇ ਲਗੇਗਾ ਜਿਸ ਨਾਲ ਸ਼ਰੀਰ ਨੂੰ ਸੱਟ ਲੱਗਣ ਦੀ ਸੰਭਾਵਨਾ ਰਹਿੰਦੀ ਹੈ।

**ਪ੍ਰਸ਼ਨ :** ਬਰਫ ਪਾਣੀ ਵਿੱਚ ਕਿਉਂ ਤੈਰਦੀ ਹੈ?

**ਉਤਰ :** ਬਰਫ ਤਾਂ ਠੋਸ ਹੁੰਦੀ ਹੈ ਫਿਰ ਵੀ ਉਹ ਪਾਣੀ ਵਿੱਚ ਤੈਰਦੀ ਹੈ। ਹੈ ਨਾ ਅਜੀਬ ਗੱਲ। ਤਾਂ ਅੱਜ ਇਹ ਜਾਣ ਲਉ ਕਿ ਅਜਿਹਾ ਕਿਉਂ ਹੁੰਦਾ ਹੈ ਭਲਾ? ਦਰਅਸਲ, ਪਾਣੀ ਦਾ ਘਣਤਵ ਅਧਿਕ ਹੁੰਦਾ ਹੈ ਅਤੇ ਬਰਫ ਦਾ ਘਣਤਵ ਪਾਣੀ ਤੋਂ ਘੱਟ। ਜਦ ਬਰਫ ਨੂੰ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਉਹ ਕੁਝ ਪਾਣੀ ਹਟਾਉਂਦੀ ਹੈ। ਇਸ ਪਾਣੀ ਦੇ ਆਇਤਨ ਦਾ ਭਾਰ ਬਰਫ ਦੇ ਭਾਰ ਤੋਂ ਜ਼ਿਆਦਾ ਹੁੰਦਾ ਹੈ। ਹਾਂ, ਇਸ ਵਜ੍ਹਾ ਨਾਲ ਬਰਫ ਪਾਣੀ ਵਿੱਚ ਤੈਰਦੀ ਹੈ।

**ਪ੍ਰਸ਼ਨ :** ਗਰਮ ਚਾਹ ਜਾਂ ਦੁੱਧ ਪਾਉਣ ਨਾਲ ਕਦੇ-ਕਦੇ ਕੱਚ ਦਾ ਗਿਲਾਸ ਕਿਉਂ ਟੁੱਟ ਜਾਂਦਾ ਹੈ?

**ਉਤਰ :** ਜਦ ਤੁਸੀਂ ਗਿਲਾਸ ਵਿੱਚ ਗਰਮ ਚਾਹ ਜਾਂ ਦੁੱਧ ਪਾਉਂਦੇ ਹੋ ਤਾਂ ਗਿਲਾਸ ਦਾ ਅੰਦਰੂਨੀ ਤਲ ਗਰਮੀ ਗ੍ਰਹਿਣ ਕਰਕੇ ਫੈਲ ਜਾਦਾ ਹੈ। ਇਸ ਦੇ ਵਿਪਰੀਤ ਗਿਲਾਸ ਦੇ ਬਾਹਰ ਦੇ ਹਿੱਸੇ ਤਾ ਤਾਪ ਅੰਦਰੂਨੀ ਹਿੱਸੇ ਤੋਂ ਘੱਟ ਹੋਣ ਦੇ ਕਾਰਣ ਉਸ ਵਿੱਚ ਫੈਲਾਵ ਨਹੀਂ ਹੁੰਦਾ ਹੈ। ਦੋਹਾਂ ਤਲਾਂ ਵਿੱਚ ਤਾਪ ਦੇ ਇਸ ਫਰਕ ਦੇ ਕਾਰਣ ਹੀ ਕਦੇ-ਕਦੇ ਕੱਚ ਦਾ ਗਿਲਾਸ ਗਰਮ ਚਾਹ ਜਾਂ ਗਰਮ ਦੁੱਧ ਪਾਉਣ ਨਾਲ ਟੁੱਟ ਜਾਂਦਾ ਹੈ।

**ਪ੍ਰਸ਼ਨ :** ਰੇਗਿਸਤਾਨ ਵਿੱਚ ਊਠ ਆਸਾਨੀ ਨਾਲ ਕਿਉਂ ਚਲ ਲੈਂਦਾ ਹੈ?

**ਉਤਰ :** ਆਮ ਰਾਹਾਂ ਦੇ ਇਲਾਵਾ ਊਠ ਰੇਤੀਲੇ ਰੇਗਿਸਤਾਨ ਵਿੱਚ ਵੀ ਆਸਾਨੀ ਨਾਲ ਚਲ ਲੈਂਦਾ ਹੈ। ਜਾਣਦੇ ਹੋ ਕਿਉਂ? ਦਰਅਸਲ, ਊਠ ਦੇ ਪੈਰ ਹੇਠਾਂ ਤੋਂ ਸਪਾਟ ਅਤੇ ਚੌੜੇ ਹੁੰਦੇ ਹਨ। ਇਸ ਵਜਾ ਨਾਲ ਜਮੀਨ ਤੇ ਪ੍ਰਭਾਵਿਤ ਖੇਤਰਫਲ ਵੀ ਵਧ ਜਾਂਦਾ ਹੈ ਅਤੇ ਦਬਾਅ ਘੱਟ ਹੋ ਜਾਦਾ ਹੈ। ਦਬਾਅ ਦੇ ਘਟ ਹੋ ਜਾਣ ਨਾਲ ਹੀ ਊਠ ਉਬੜ-ਖਾਬੜ ਰਾਹਾਂ ਦੇ ਨਾਲ-ਨਾਲ ਰੇਗਿਸਤਾਨ ਦੀ ਰੇਤ ਤੇ ਵੀ ਓਨੀ ਹੀ ਸਰਲਤਾ ਨਾਲ ਚੱਲਣ ਵਿੱਚ ਸਫਲ ਰਹਿੰਦਾ ਹੈ। ❑

ਬਾਲ ਕਵਿਤਾ – ਆਤਮਾ ਸਿੰਘ

# ਮੇਲਾ ਵੇਖੋ ਬੱਚਿਓ ਪਰ ਉਂਗਲ ਫੜ ਕੇ ਬਾਪੂ ਦੀ



ਸੁਬਹ ਸਵੇਰੇ ਨੀਂਦੋਂ ਜਾਗਿਆ ਸੀ ਉਹ ਤੜਕੇ ਤੜਕੇ।
ਮੇਲਾ ਵੇਖਣ ਗਿਆ ਇਕ ਮੁੰਡਾ ਬਾਪੂ ਦੀ ਉਂਗਲ ਫੜ ਕੇ।

ਮੂੰਹ ਵਿਚ ਉਸਦੇ ਪਾਣੀ ਆਇਆ ਵਿਕਦੇ ਵੇਖ ਮਖਾਣੇ।
ਤੱਕ ਤੱਕ ਕੇ ਖੁਸ਼ ਹੋਈ ਜਾਵੇ ਫੁੱਲੇ ਵੇਖ ਭੁਕਾਨੇ।

ਜਿਦ ਉਸ ਕੀਤੀ ਬੜੀ ਜਿਆਦਾ ਪੀਣਾ ਕੋਕਾ-ਕੋਲਾ।
ਡੱਕੇ ਵਾਲੀ ਕੁਲਫੀ ਖਾਣੀ ਅਤੇ ਬਰਫ ਦਾ ਗੋਲਾ।

ਇੱਕ ਰੇਹੜੀ ਤੇ ਵਿਕਦੇ ਪਏ ਸਨ ਗੋਲ-ਗੱਪੇ ਤੇ ਭੱਲੇ।
ਕਹਿੰਦਾ ਮੈਂ ਖਾਊਂਗਾ ਸਾਰੇ ਚੁੱਕ ਕੇ ਕੱਲੇ-ਕੱਲੇ।

ਇਕ ਥਾਂ ਉਤੇ ਭੀੜ ਬੜੀ ਸੀ ਹੋਇਆ ਮੁਲਕ ਇੱਕਠਾ।
ਬਾਪੂ ਕੋਲੋਂ ਉਂਗਲ ਛੁੱਟੀ ਪਿਆ ਅਜੇਹਾ ਧੱਕਾ।

ਸਿਖਰ ਦੁਪਹਿਰੇ ਅੱਖਾਂ ਮੂਹਰੇ ਹੋਇਆ ਘੁੱਪ ਹਨੇਰਾ।
ਉਚੀ ਉਚੀ ਚੀਕਾਂ ਮਾਰੇ ਕਿੱਥੇ ਗਿਆ ਪਿਉ ਮੇਰਾ।

ਵੇਖ ਕੇ ਰੋਂਦਾ ਬੱਚੇ ਨੂੰ ਬੰਦਾ ਇਕ ਸਿਆਣਾ।
ਕਹਿੰਦਾ ਆ ਜਾ ਬੱਚੂ ਮੇਰੇ ਲੈ ਲਾ ਇੱਕ ਭੁਕਾਨਾ।

ਚੁੱਪ ਕਰ ਬੀਬੇ ਪੁੱਤਰ ਨਾ ਰੋ ਇਨੀ ਉਚੀ-ਉਚੀ।
ਆਹ ਲੈ ਬਰਫ ਦਾ ਗੋਲਾ ਨਾਲੇ ਡੱਕੇ ਵਾਲੀ ਕੁਲਫੀ।

ਲੱਭ ਦਿਉ ਬੱਸ ਬਾਪੂ ਮੇਰਾ ਚੀਜ਼ ਕੋਈ ਨਹੀ ਲੈਣੀ।
ਇਸ ਮੇਲੇ ਵਿਚ ਸ਼ੈਅ ਕੋਈ ਵੀ, ਬਾਪੂ ਵਰਗੀ ਹੈ ਨਹੀਂ।

ਦੁਨੀਆਂ ਦੀਆਂ ਵਸਤਾਂ ਵਿੱਚੋਂ ਮਨ ਦਾ ਚੈਨ ਨਹੀ ਲੱਭਦਾ।
ਉਂਗਲ ਬਾਪੂ ਦੀ ਹੱਥ ਹੋਵੇ 'ਆਤਮ' ਮੇਲਾ ਚੰਗਾ ਲਗਦਾ।

❐ ਦੀਪਾਂਸ਼ੂ ਜੈਨ

# ਵਫ਼ਾਦਾਰ ਵਜ਼ੀਰ

ਪ੍ਰਾਚੀਨ ਕਾਲ ਦੀ ਗੱਲ ਹੈ। ਤਦ ਈਰਾਨ ਦੇ ਬਾਦਸ਼ਾਹ ਹਰੀਤਿਮੁੱਲਾਹ ਸਨ। ਉਹਨਾਂ ਦੇ ਦਰਬਾਰ ਵਿੱਚ ਇੱਕ ਵਜ਼ੀਰ ਬਹੁਤ ਹੀ ਸੱਜਣ ਸੀ। ਬਾਦਸ਼ਾਹ ਉਸ ਉਤੇ ਬਹੁਤ ਭਰੋਸਾ ਕਰਦਾ ਸੀ। ਉਹ ਵੀ ਤਨ-ਮਨ ਨਾਲ ਬਾਦਸ਼ਾਹ ਦੀ ਸੇਵਾ ਵਿੱਚ ਜੁੱਟਿਆ ਰਹਿੰਦਾ ਸੀ। ਇਹੀ ਨਹੀਂ, ਉਹ ਸਦਾ ਜਨਤਾ ਦੀ ਭਲਾਈ ਦੇ ਕੰਮ ਵੀ ਕਰਦਾ ਰਹਿੰਦਾ ਸੀ। ਦੂਸਰਿਆਂ ਦੀ ਸਹਾਇਤਾ ਕਰਨਾ ਉਸ ਨੂੰ ਚੰਗਾ ਲੱਗਦਾ ਸੀ।

ਵਜ਼ੀਰ ਕਿਹਾ ਕਰਦਾ – ਬੁਰੇ ਆਦਮੀ ਨੂੰ ਖੁਸ਼ ਰੱਖਣ ਦਾ ਸਭ ਤੋਂ ਚੰਗਾ ਉਪਾਅ ਹੈ, ਅਗਰ ਪਿੱਠ ਪਿੱਛੇ ਉਹ ਤੁਹਾਡੀ ਨਿੰਦਿਆ ਕਰਦਾ ਹੈ ਤਾਂ ਤੁਸੀਂ ਉਸ ਦੇ ਸਾਹਮਣੇ ਉਸ ਦੀ ਪ੍ਰਸੰਸਾ ਕਰੋ। ਇਕ ਦਿਨ ਕਿਸੇ ਕਾਰਣ ਬਾਦਸ਼ਾਹ ਵਜ਼ੀਰ ਤੋਂ ਨਰਾਜ਼ ਹੋ ਗਿਆ। ਬਾਦਸ਼ਾਹ ਨੇ ਵਜ਼ੀਰ ਨੂੰ ਜੇਲ੍ਹ ਵਿੱਚ ਪਾ ਦਿੱਤਾ। ਵਜ਼ੀਰ ਦੇ ਪਰਉਪਕਾਰੀ ਕੰਮਾਂ ਤੋਂ ਦਰਬਾਰ ਦੇ ਸਭ ਵਿਅਕਤੀ ਖੁਸ਼ ਰਹਿੰਦੇ ਸਨ। ਜੇਲ੍ਹ ਦੇ ਕਰਮਚਾਰੀ ਵੀ ਵਜ਼ੀਰ ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਨਹੀਂ ਹੋਣ ਦਿੰਦੇ ਸਨ। ਸਾਰੇ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਦਿਆਲੂ ਵਜ਼ੀਰ ਜੇਲ੍ਹ ਤੋਂ ਬਾਹਰ ਆਏ, ਪਰ ਬਾਦਸ਼ਾਹ ਨੂੰ ਮਨਾਉਣਾ 'ਟੇਢੀ ਖੀਰ' ਸੀ। ਦਰਬਾਰੀ ਜਾਣਦੇ ਸਨ ਕਿ ਬਾਦਸ਼ਾਹ ਤੋਂ ਵਜ਼ੀਰ ਲਈ ਦਯਾ ਦੀ ਭੀਖ ਮੰਗਣਾ ਆਪਣੇ ਆਪ ਨੂੰ ਮੁਸੀਬਤ ਵਿੱਚ ਫਸਾਉਣਾ ਹੈ। ਇਸ ਲਈ ਉਹ ਚੁੱਪ ਰਹਿੰਦੇ ਸਨ, ਪਰ ਮਨੋਂ ਦੁੱਖੀ ਸਨ।

ਜੇਲ੍ਹ ਵਿੱਚ ਹੀ ਇਕ ਦਿਨ ਵਜ਼ੀਰ ਨੂੰ ਬਹੁਤ ਹੀ ਗੁਪਤ-ਰੀਤੀ ਨਾਲ ਗਵਾਂਢੀ ਬਾਦਸ਼ਾਹ ਦਾ ਪੱਤਰ ਮਿਲਿਆ। ਪੱਤਰ ਵਿੱਚ ਲਿਖਿਆ ਸੀ – ਬਹੁਤ ਹੀ ਦੁੱਖ ਦੀ ਗੱਲ ਹੈ, ਬਾਦਸ਼ਾਹ ਨੇ ਆਪ ਵਰਗੇ ਗੁਣੀ ਵਿਅਕਤੀ ਦਾ ਸਹੀ ਸਨਮਾਨ ਕਰਨਾ ਤਾਂ ਦੂਰ ਆਪ ਨੂੰ ਦੁੱਖ ਭਰਿਆ ਜੀਵਨ ਬਿਤਾਉਣ ਲਈ ਮਜ਼ਬੂਰ ਕਰ ਦਿੱਤਾ ਹੈ। ਅਗਰ ਆਪ ਮੇਰੇ ਰਾਜ ਵਿੱਚ ਰਹਿਣਾ ਸਵੀਕਾਰ ਕਰ ਲਉ ਤਾਂ ਮੈਂ ਆਪ ਨੂੰ ਜੇਲ੍ਹ ਵਿਚੋਂ ਕੱਢ ਕੇ ਸਨਮਾਨਪੂਰਵਕ ਰੱਖਾਂਗਾ। ਆਪ ਵਰਗੇ ਗੁਣੀ ਵਿਅਕਤੀਆਂ ਲਈ ਜੇਲ੍ਹ ਵਿੱਚ ਜੀਵਨ ਬਤੀਤ ਕਰਨਾ ਚੰਗਾ ਨਹੀਂ ਹੈ। ਜੇਲ੍ਹ ਤੋਂ ਇਥੋਂ ਤਕ ਆਉਣ ਦੀ ਪੂਰੀ ਵਿਵਸਥਾ ਵੀ ਕਰ ਦੇਵਾਂਗਾ। ਆਪ ਨੂੰ ਕਿਸੇ ਤਰ੍ਹਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਮੈਂ ਆਪ ਦੇ ਉਤੱਰ ਦੀ ਉਡੀਕ ਕਰਾਂਗਾ।

ਵਜ਼ੀਰ ਨੇ ਧਿਆਨਪੂਰਵਕ ਉਹ ਪੱਤਰ ਪੜ੍ਹਿਆ। ਫਿਰ ਕੁਝ ਸੋਚ ਕੇ ਉਸ ਪੱਤਰ ਦੇ ਪਿੱਛੇ ਆਪਣਾ ਉਤੱਰ ਲਿਖ ਦਿੱਤਾ। ਇਸੇ ਦੌਰਾਨ ਬਾਦਸ਼ਾਹ ਦੇ ਇੱਕ ਜਾਸੂਸ ਨੇ ਗੱਲ ਤਾੜ ਲਈ। ਉਸ ਨੇ ਤੁਰੰਤ ਬਾਦਸ਼ਾਹ ਨੂੰ ਸੂਚਨਾ ਦਿੱਤੀ। –





ਆਪ ਦਾ ਵਜ਼ੀਰ ਜੇਲ੍ਹ ਵਿੱਚ ਰਹਿ ਕੇ ਵੀ ਗਵਾਂਢੀ ਬਾਦਸ਼ਾਹ ਨਾਲ ਪੱਤਰ-ਵਿਵਹਾਰ ਕਰ ਰਿਹਾ ਹੈ।

ਇਹ ਸੁਣਦੇ ਹੀ ਬਾਦਸ਼ਾਹ ਕ੍ਰੋਧ ਨਾਲ ਬਲਣ ਲੱਗਾ। ਉਹਨਾਂ ਨੇ ਤੁਰੰਤ ਸਿਪਾਹੀਆਂ ਨੂੰ ਹੁਕਮ ਦਿੱਤਾ। ਪੱਤਰ ਦੇ ਨਾਲ ਡਾਕੀਏ ਨੂੰ ਫੜ ਕੇ ਮੇਰੇ ਸਾਹਮਣੇ ਹਾਜ਼ਿਰ ਕੀਤਾ ਜਾਏ ਅਤੇ ਵਜ਼ੀਰ ਨੂੰ ਵੀ ਮੇਰੇ ਸਾਹਮਣੇ ਲਿਆਦਾਂ ਜਾਏ। ਮੈਂ ਉਸ ਦਾ ਸਿਰ ਕਲਮ ਕਰਵਾ ਦੇਵਾਂਗਾ।

ਹੁਕਮ ਸੁਣਦੇ ਹੀ ਸਿਪਾਹੀ ਦੌੜੇ। ਕੁਝ ਹੀ ਪਲਾਂ ਵਿੱਚ ਪੱਤਰ ਦੇ ਨਾਲ ਡਾਕੀਏ ਨੂੰ ਫੜ ਕੇ ਲਿਆਏ ਅਤੇ ਬਾਦਸ਼ਾਹ ਦੇ ਸਾਹਮਣੇ ਹਾਜ਼ਿਰ ਕਰ ਦਿੱਤਾ।

ਵਜ਼ੀਰ ਵੀ ਆਇਆ। ਬਾਦਸ਼ਾਹ ਨੇ ਵਜ਼ੀਰ ਤੋਂ ਪੁੱਛਿਆ- ਤੈਨੂੰ ਗਵਾਂਢੀ ਬਾਦਸ਼ਾਹ ਦਾ ਪੱਤਰ ਮਿਲਿਆ?

– ਜੀ ਹਜ਼ੂਰ! – ਵਜ਼ੀਰ ਨੇ ਕਿਹਾ।

– ਤਦ ਤੂੰ ਉਤੱਰ ਵੀ ਲਿਖਿਆ ਹੋਵੇਗਾ? ਤੂੰ ਮੇਰੇ ਵਿਰੁੱਧ ਸਾਜਿਸ਼ ਕੀਤੀ ਹੈ। ਜਾਣਦੇ ਹੋ ਇਸ ਦੀ ਸਜਾ? ਬਾਦਸ਼ਾਹ ਕ੍ਰੋਧ ਨਾਲ ਬੋਲਿਆ।

-ਪੱਤਰ ਆਪ ਦੇ ਹੱਥਾਂ ਵਿੱਚ ਹੈ। ਪੜ੍ਹ ਕੇ ਵੇਖ ਲਉ। – ਵਜ਼ੀਰ ਨੇ ਕਿਹਾ।

ਬਾਦਸ਼ਾਹ ਪੱਤਰ ਪੜ੍ਹਨ ਲੱਗਾ। ਪੱਤਰ ਦੇ ਪਿਛਲੇ ਪੰਨੇ ਤੇ ਵਜ਼ੀਰ ਨੇ ਆਪਣੇ ਉਤੱਰ ਵਿੱਚ ਦੂਸਰੇ ਬਾਦਸ਼ਾਹ ਨੂੰ ਲਿਖਿਆ ਸੀ- ਆਪ ਨੇ ਮੇਰੀ ਜਿੰਨੀ ਪ੍ਰਸੰਸਾ ਕੀਤੀ ਹੈ, ਮੈਂ ਉਸ ਦੇ ਯੋਗ ਬਿਲਕੁਲ ਨਹੀਂ ਹਾਂ। ਆਪ ਦੇ ਆਦੇਸ਼ ਦਾ ਮੈਂ ਕਿਸੇ ਤਰ੍ਹਾਂ ਵੀ ਪਾਲਣ ਨਹੀਂ ਕਰ ਸਕਦਾ। ਇਸ ਸ਼ਾਹੀ ਪਰਿਵਾਰ ਨੇ ਮੇਰਾ ਪਾਲਣ-ਪੋਸ਼ਣ ਕੀਤਾ ਹੈ। ਬਾਦਸ਼ਾਹ ਦਾ ਮੈਂ ਲੂਣ ਖਾਧਾ ਹੈ। ਅਗਰ ਬਾਦਸ਼ਾਹ ਨੇ ਕਿਸੇ ਗੱਲ ਤੋਂ ਨਾਰਾਜ਼ ਹੋ ਕੇ ਮੈਨੂੰ ਜੇਲ੍ਹ ਭਿਜਵਾ ਦਿੱਤਾ ਹੈ ਤਾਂ ਕੀ ਮੈਂ ਇਸੇ ਕਾਰਣ ਉਹਨਾਂ ਦੇ ਉਪਕਾਰਾਂ ਨੂੰ ਭੁੱਲ ਜਾਵਾਂ? ਹਮੇਸ਼ਾ ਭਲਾਈ ਕਰਨ ਵਾਲੇ ਦੀ ਇਕ-ਅੱਧ ਬੁਰਾਈ ਤਾਂ ਵੇਖਣੀ ਹੀ ਨਹੀਂ ਚਾਹੀਦੀ।

ਪੱਤਰ ਪੜ ਕੇ ਬਾਦਸ਼ਾਹ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਉਸ ਨੇ ਵਜ਼ੀਰ ਨੂੰ ਰਿਹਾ ਕਰਦੇ ਹੋਏ ਕਿਹਾ – ਮੈਨੂੰ ਮਾਫ਼ ਕਰਨਾ। ਦੂਸਰਿਆਂ ਦੇ ਕਹਿਣੇ ਵਿੱਚ ਆ ਕੇ ਮੈਂ ਇਕ ਵਿਦਵਾਨ ਅਤੇ ਨਿਰਦੋਸ਼ ਵਿਅਕਤੀ ਨੂੰ ਜੇਲ੍ਹ ਵਿੱਚ ਭੇਜ ਕੇ ਬੜੀ ਵੱਡੀ ਭੁੱਲ ਕੀਤੀ ਹੈ।

ਵਜ਼ੀਰ ਫਿਰ ਤੋਂ ਸਨਮਾਨਪੂਰਵਕ ਆਪਣਾ ਕੰਮ ਕਰਨ ਲੱਗਾ। ■

# ਸੁਨਹਿਰੀ ਯਾਦਾਂ

# ਯੁਗਦ੍ਰਿਸ਼ਟਾ ਦਾ ਭਗਤ-ਪਿਆਰਾ ਸਵਰੂਪ

ਜੇਕਰ ਇਹ ਕਿਹਾ ਜਾਏ ਕਿ 'ਸੁਬ੍ਹਾ ਸਫਰ, ਰਾਤ ਸਫ਼ਰ ਬਾਬਾ ਹਰਦੇਵ ਤੇਰਾ ਸ਼ਾਮ ਸਫ਼ਰ' ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਵੇਰੇ ਤੋਂ ਸ਼ੁਰੂ ਹੋਣ ਵਾਲੀ ਆਪ ਦੀ ਰੋਜ਼ਮੱਰਾਂ ਵਿੱਚ ਕੇਵਲ ਅਤੇ ਕੇਵਲ ਮਾਨਵ-ਮਾਤਰ ਦੀ ਭਲਾਈ ਹੀ ਨਿਹਿਤ ਹੁੰਦੀ ਸੀ। ਇਹ ਦਿਆਲੂ ਸਤਿਗੁਰੂ ਲਗਾਤਾਰ ਅਪਣੀਆਂ ਯਾਤਰਾਵਾਂ ਦੇ ਮਾਧਿਅਮ ਨਾਲ ਭੋਲੇ-ਭਾਲੇ ਭਗਤਾਂ ਨੂੰ ਨਿਹਾਲ ਕਰਦੇ ਰਹੇ ਜੋ ਇਨ੍ਹਾਂ ਦੇ ਪ੍ਰੇਮ ਵਿੱਚ ਹਮੇਸ਼ਾ ਭਿੱਜੇ ਹੀ ਰਹਿੰਦੇ ਅਤੇ ਕਦੇ ਵੀ ਇਹ ਮਹਿਸੂਸ ਨਹੀਂ ਹੋਣ ਦੇਂਦੇ ਸਨ ਕਿ ਲਗਾਤਾਰ ਕਲਿਆਣ ਯਾਤਰਾਵਾਂ ਨਾਲ ਸ਼ਰੀਰ ਵਿੱਚ ਥਕਾਵਟ ਹੈ। ਅਜਿਹੇ ਉਜਵੱਲ, ਨਿਰਮਲ, ਪਾਵਨ ਅਤੇ ਭਗਤ-ਪਿਆਰੇ ਸਤਿਗੁਰੂ ਇਸ ਧਰਤੀ ਲਈ ਸੁਭਾਗ ਹਨ ਜੋ ਪੁਰਾਤਨ ਅਵਤਾਰੀ ਮਹਾਂਪੁਰਸ਼ਾਂ ਦੇ ਉਸੀ ਸੰਦੇਸ਼ ਨੂੰ ਜਨਮਾਨਸ ਤੱਕ ਪਹੁੰਚਾਂਦੇ ਰਹੇ ਕਿ 'ਏਕ ਪਿਤਾ ਏਕਤ ਕੇ ਹਮ ਬਾਰਿਕ'। 'ਵਸੁਧੈਵ ਕੁਟੁਬੰਕਮ' ਦੀ ਭਾਵਨਾ ਨੂੰ ਸਾਕਾਰ ਕਰਨ ਦੇ ਲਈ ਆਪ ਦਾ ਪਰਉਪਕਾਰੀ ਸਫ਼ਰ 36 ਸਾਲ ਤੱਕ ਜਾਰੀ ਰਿਹਾ।

## ਸਤਿਗੁਰੂ ਦੀ ਬੇਮਿਸਾਲ ਵਿਸ਼ਾਲਤਾ

ਇਕ ਵਾਰ ਸੰਤ ਨਿਰੰਕਾਰੀ ਕਲੋਨੀ, ਦਿੱਲੀ ਵਿਖੇ ਸਤਿਸੰਗ ਭਵਨ ਤੇ ਨਮਸਕਾਰ ਹੋਣੀ ਸੀ। ਕੁਝ ਬੀਮਾਰ ਮਹਾਂਪੁਰਸ਼ ਹਜ਼ੂਰ ਬਾਬਾ ਜੀ ਨੂੰ ਨਮਸਕਾਰ ਕਰਕੇ ਅਸ਼ੀਰਵਾਦ ਲੈਣ ਦੀ ਚਾਹਨਾ ਵਿੱਚ ਸਨ। ਸਤਿਗੁਰੂਦੇਵ ਜੀ ਨੇ ਪਹਿਲਾਂ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ। ਉਸੀ ਸਮੇਂ ਜਦੋਂ ਨਮਸਕਾਰ ਸ਼ੁਰੂ ਹੋਣ ਲੱਗੀ ਤਾਂ ਸੇਵਾਦਲ ਦੇ ਤਿੰਨ ਜਵਾਨ ਜੋ ਕੋਠੀ ਦੇ ਪਿਛੇ ਵੱਲ ਸੇਵਾ ਕਰ ਰਹੇ ਸਨ, ਉਨ੍ਹਾਂ ਦੇ ਅਧਿਕਾਰੀ ਨੂੰ ਕਿਹਾ ਗਿਆ ਕਿ ਪਹਿਲਾਂ ਉਨ੍ਹਾਂ ਨੂੰ ਨਮਸਕਾਰ ਕਰਵਾ ਦਿੱਤੀ ਜਾਵੇ, ਤਾਂ ਉਨ੍ਹਾਂ ਨੇ ਕਿਹਾ ਕਿ ਉਹ ਯੂਨਿਟ ਦੇ ਹੋਰ ਮੈਂਬਰਾਂ ਦੇ ਨਾਲ ਹੀ ਨਮਸਕਾਰ ਕਰ ਲੈਣਗੇ। ਇਸ ਤੋਂ ਬਾਅਦ ਸਤਿਗੁਰੂ ਬਾਬਾ ਜੀ ਸਟੇਜ ਤੇ ਬਿਰਾਜਮਾਨ ਹੋ ਗਏ ਅਤੇ ਨਮਸਕਾਰ ਸ਼ੁਰੂ ਹੋ ਗਈ।

ਲਗਭਗ ਸਾਡੇ ਚਾਰ ਘੰਟੇ ਤੱਕ ਨਮਸਕਾਰ ਚੱਲੀ। ਇਸੀ ਦਰਮਿਆਨ ਸੇਵਾਦਲ ਦੀ ਉਸ ਯੂਨਿਟ ਦੇ ਮੈਂਬਰ ਵੀ ਨਮਸਕਾਰ ਕਰ ਚੁੱਕੇ ਸਨ ਲੇਕਿਨ ਉਹ ਤਿੰਨ ਸੇਵਾਦਾਰ ਨਮਸਕਾਰ ਕਰਨ ਨਹੀਂ ਆਏ। ਉਨ੍ਹਾਂ ਦੇ ਅਧਿਕਾਰੀਆਂ ਤੋਂ ਪੁੱਛਿਆ ਗਿਆ ਕਿ ਸਾਰੇ ਸੇਵਾਦਾਰਾਂ ਨੇ ਨਮਸਕਾਰ ਕਰ ਲਈ ਹੈ? ਤਾਂ ਉਹ ਬੋਲੇ ਕਿ ਹਾਂ ਜੀ, ਸਾਰਿਆਂ ਨੇ ਨਮਸਕਾਰ ਕਰ ਲਈ ਹੈ। ਉਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਤਿੰਨ ਸੇਵਾਦਾਰ ਜੋ ਪਿੱਛੇ ਸੇਵਾ ਕਰ ਰਹੇ ਹਨ, ਨਹੀਂ ਆਏ। ਉਦੋਂ ਉਸ ਅਧਿਕਾਰੀ ਮਹਾਤਮਾ ਨੇ ਕਿਹਾ- ਹਾਂ ਜੀ, ਇਹ ਤਾਂ ਯਾਦ ਹੀ ਨਹੀਂ ਰਿਹਾ, ਉਦੋਂ ਉਨ੍ਹਾਂ ਨੂੰ ਨਮਸਕਾਰ ਦੇ ਲਈ ਬੁਲਾਇਆ ਗਿਆ।'' ਕਹਿਣ ਦਾ ਭਾਵ ਇਹ ਹੈ ਕਿ ਦਿਆਲੂ ਸਤਿਗੁਰੂ ਦੀ ਨਜ਼ਰ ਇਕ-ਇਕ ਗੁਰਸਿੱਖ ਤੇ ਰਹਿੰਦੀ ਸੀ।

ਨਮਸਕਾਰ ਦੇ ਦੌਰਾਨ ਹੀ ਕੁਝ ਮਹਾਂਪੁਰਸ਼ ਅਤੇ ਭੈਣਾਂ ਬਾਲਕਨੀ ਵਿੱਚ ਵੀ ਖੜੀਆਂ ਸਨ। ਨਮਸਕਾਰ ਦੇ ਅੰਤਿਮ ਚਰਣ ਵਿੱਚ ਹੁਜ਼ੂਰ ਨੇ ਕਿਹਾ ਕਿ ਬਾਲਕਨੀ ਵਿੱਚ 10-11 ਮਹਾਂਪੁਰਸ਼ ਅਜਿਹੇ ਹਨ ਜਿਨ੍ਹਾਂ ਨੇ ਨਮਸਕਾਰ ਨਹੀਂ ਕੀਤੀ ਹੈ। ਸੇਵਾਦਾਰ ਮਹਾਤਮਾ ਵਰਿੰਦਰ 'ਬੰਟੀ' ਜੀ ਨੂੰ ਹੁਜ਼ੂਰ ਨੇ ਕਿਹਾ ਤਾਂ ਉਹ ਬਾਲਕਨੀ ਦੇ ਕੋਲ ਗਏ ਅਤੇ ਉਥੇ ਸੁਰੱਖਿਆ ਡਿਯੂਟੀ ਕਰ ਰਹੇ ਮਹਾਤਮਾ ਤੋਂ ਪੁੱਛਿਆ ਤਾਂ ਉਹ ਬੋਲੇ ਕਿ ਹਾਂ ਜੀ, ਸਾਰਿਆਂ ਨੇ ਨਮਸਕਾਰ ਕਰ ਲਈ ਹੈ। ਇਹੀ ਗੱਲ ਬੰਟੀ ਜੀ ਨੇ ਬਾਬਾ ਜੀ ਨੂੰ ਦੱਸੀ ਤਾਂ, ਬਾਬਾ ਜੀ ਨੇ ਦੁਬਾਰਾ ਕਿਹਾ ਕਿ ਨਹੀਂ, ਉਨ੍ਹਾਂ ਵਿੱਚੋਂ 10-11 ਮਹਾਂਪੁਰਸ਼ਾਂ ਨੇ ਨਮਸਕਾਰ ਨਹੀਂ ਕੀਤੀ ਹੈ। ਇਸ ਤੋਂ ਬਾਅਦ ਦੁਬਾਰਾ ਬੰਟੀ ਜੀ ਬਾਲਕਨੀ ਵਿੱਚ ਗਏ ਅਤੇ ਉਥੇ ਇਕ ਅਨਾਉਂਸਮੈਂਟ ਕੀਤੀ ਤਾਂ ਇਕ ਪਰਿਵਾਰ ਸੀ ਜਿਸ ਵਿੱਚ 5-6 ਮਹਾਂਪੁਰਸ਼ ਅਤੇ 4 ਭੈਣਾਂ ਸੀ, ਕਹਿਣ ਲੱਗੇ ਕਿ ਅਸੀਂ ਵੇਖ ਰਹੇ ਹਾਂ ਕਿ ਹਜੂਰ ਨੂੰ ਸਾਢੇ ਚਾਰ ਘੰਟੇ ਹੋ ਚੁੱਕੇ ਹਨ। ਸਾਡਾ ਇਹੀ ਧਿਆਨ ਬਣਿਆ ਕਿ ਜੇਕਰ ਸਾਨੂੰ ਦਰਸ਼ਨ ਹੀ ਹੋ ਜਾਣ ਤਾਂ ਇਹ ਵੀ ਬਹੁਤ ਵੱਡੀ ਕ੍ਰਿਪਾ ਹੋਵੇਗੀ। ਅਸੀਂ ਨਮਸਕਾਰ ਦੇ ਸਮੇਂ ਨੂੰ ਬਚਾਉਣਾ ਚਾਹ ਰਹੇ ਸੀ, ਇਸ ਲਈ ਨਮਸਕਾਰ ਕਰਨ ਨਹੀਂ ਗਏ, ਉਦੋਂ ਉਨ੍ਹਾਂ ਨੇ ਕਿਹਾ ਕਿ – ''ਆਪਦੀ ਭਾਵਨਾ ਬਹੁਤ ਪਾਵਨ ਹੈ, ਆਪ ਸਤਿਗੁਰੂ ਬਾਬਾ ਜੀ ਦੇ ਆਰਾਮ ਵਿੱਚ ਰੁਕਾਵਟ ਬਣਨਾ ਨਹੀਂ ਚਾਹੁੰਦੇ, ਇਹ ਚੰਗੀ ਗੱਲ ਹੈ ਪਰੰਤੂ ਜਦੋਂ ਦਿਆਲੂ ਸਤਿਗੁਰੂ ਖੁਦ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਨਮਸਕਾਰ ਲਈ ਬੁਲਾ ਲਿਆ ਜਾਵੇ।'' ਸਤਿਗੁਰੂ ਬਾਬਾ ਜੀ ਦੀ ਇਹ ਦਇਆਪੂਰਣ ਸਹਿਨਸ਼ੀਲਤਾ ਬੇ-ਮਿਸਾਲ ਹੈ। ਉਹ ਕਹਿ ਰਹੇ ਹਨ ਕਿ ਜਦੋਂ ਸਾਢੇ ਚਾਰ ਘੰਟੇ ਨਮਸਕਾਰ ਹੋਈ ਹੈ ਤਾਂ ਕੀ ਪੰਜ ਮਿੰਟ ਹੋਰ ਨਹੀਂ ਹੋ

ਸਕਦੀ ਭਾਵ ਸਤਿਗੁਰੂਦੇਵ ਨੇ ਕ੍ਰਿਪਾ ਕਰਕੇ ਉਨ੍ਹਾਂ ਨੂੰ ਵੀ ਨਮਸਕਾਰ ਦਾ ਅਵਸਰ ਪ੍ਰਦਾਨ ਕੀਤਾ। ਇਹ ਹੈ ਸਤਿਗੁਰੂ ਦੀ ਸਹਿਨਸ਼ੀਲਤਾ ਦਾ ਪ੍ਰਮਾਣ ਕਿ ਇਹ ਅਪਣੇ ਭਗਤਾਂ ਨੂੰ ਨਿਹਾਲ ਕਰਨ ਦੇ ਲਈ ਨਾ ਆਰਾਮ ਦੀ ਪਰਵਾਹ ਕਰਦੇ ਸਨ ਅਤੇ ਨਾ ਹੀ ਸਮੇਂ ਦੀ।



## ਜਦੋਂ ਸਤਿਗੁਰੂ ਨੇ ਕਰਾਇਆ ਅਪਨੇਪਨ ਦਾ ਅਹਿਸਾਸ

ਮਹਾਂਰਾਸ਼ਟਰ ਦਾ ਪ੍ਰਾਦੇਸ਼ਿਕ ਸੰਤ-ਸਮਾਗਮ ਸੰਪੰਨ ਹੋ ਚੁੱਕਾ ਸੀ। ਇਕ ਦਿਨ ਦੇ ਆਰਾਮ ਦੇ ਬਾਅਦ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੂੰ ਦੱਖਣੀ ਭਾਰਤ ਦੀ ਮਾਨਵ ਕਲਿਆਣ ਯਾਤਰਾ ਤੇ ਰਵਾਨਾ ਹੋਣਾ ਸੀ। ਮੁੰਬਈ ਵਿੱਚ ਚੈਂਬੂਰ ਸਤਿਸੰਗ ਭਵਨ ਵਿੱਚ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ। ਸਥਾਨਕ ਪ੍ਰਬੰਧਕਾਂ ਨੇ ਹਜ਼ੂਰ ਅੱਗੇ ਪ੍ਰਾਰਥਨਾ ਕੀਤੀ ਕਿ ਇਕ ਦਿਨ ਦਾ ਸਮਾਂ ਹੈ, ਇਸਲਈ ਕੁਝ ਪਰਿਵਾਰਾਂ ਨੂੰ ਅਸ਼ੀਰਵਾਦ ਦੇਣ ਲਈ ਆਪ ਜੀ ਉਨ੍ਹਾਂ ਦੇ ਘਰਾਂ ਵਿੱਚ ਚਰਣ ਪਾਉਣ ਦੀ ਕ੍ਰਿਪਾ ਕਰੋ। ਹਜ਼ੂਰ ਨੇ ਸਹਿਜ ਹੀ ਆਗਿਆ ਦੇ ਦਿੱਤੀ ਅਤੇ ਸਮੇਂ ਤੇ ਉਨ੍ਹਾਂ ਪਰਿਵਾਰਾਂ ਨੂੰ ਇਹ ਸੂਚਨਾ ਵੀ ਦੇ ਦਿੱਤੀ ਗਈ।

ਜਦੋਂ ਹਜੂਰ ਬਾਬਾ ਜੀ ਦਾ ਕਾਫਿਲਾ ਚੈਂਬੂਰ ਭਵਨ ਤੋਂ ਰਵਾਨਾ ਹੋਣ ਹੀ ਵਾਲਾ ਸੀ, ਉਦੋਂ ਵੇਖਿਆ ਕਿ ਸਤਿਗੁਰੂ-ਦਰਸ਼ਨ ਦੀ ਚਾਹਤ ਵਿੱਚ ਹਜ਼ਾਰਾਂ ਸ਼ਰਧਾਲੂ ਭਗਤ ਮੁੰਬਈ ਦੇ ਕਈ ਸਥਾਨਾਂ ਤੋਂ ਇੱਕਠੇ ਹੋਣਾ ਸ਼ੁਰੂ ਹੋ ਗਏ। ਹਾਲਾਂਕਿ ਅਜਿਹੀ ਕੋਈ ਸੂਚਨਾ ਨਹੀਂ ਦਿੱਤੀ ਗਈ ਸੀ ਕਿ ਨਮਸਕਾਰ ਹੋਵੇਗੀ ਲੇਕਿਨ ਭਗਤਾਂ ਦੀ ਅਭਿਲਾਸ਼ਾ ਹੁੰਦੀ ਹੈ ਕਿ ਸਤਿਗੁਰੂ ਦੀ ਇਕ ਝਲਕ ਮਿਲ ਜਾਵੇ ਤਾਂ ਜੀਵਨ ਸਾਰਥਕ ਹੋ ਜਾਂਦਾ ਹੈ।

ਸਤਿਗੁਰੂ ਬਾਬਾ ਜੀ ਦੇ ਕਾਫਿਲੇ ਦੀਆਂ ਗੱਡੀਆਂ ਲਗ ਚੁੱਕੀਆਂ ਸਨ। ਸ਼ਾਮ ਦਾ ਸਮਾਂ ਸੀ। ਸਾਰੇ ਲੋਕ ਅਪਣੀਆਂ-ਆਪਣੀਆਂ ਗੱਡੀਆਂ ਵਿੱਚ ਬੈਠ ਚੁੱਕੇ ਸਨ। ਹਜੂਰ ਬਾਬਾ ਜੀ ਅਪਣੇ ਕਮਰੇ ਚੋਂ ਨਿਕਲੇ ਅਤੇ ਪੌੜੀਆਂ ਤੋਂ ਉਤਰਦੇ ਹੋਏ ਅਪਣੀ ਗੱਡੀ ਵਿੱਚ ਬੈਠ ਗਏ। ਅਜੇ ਹਜ਼ੂਰ ਨੂੰ ਬੈਠੇ ਕੁਝ ਸੈਕਿੰਡ ਹੀ ਬੀਤੇ ਸਨ ਅਤੇ ਸਾਰੇ ਲੋਕ ਚੱਲਣ ਨੂੰ ਤਿਆਰ ਹੀ ਸਨ, ਉਸੀ ਸਮੇਂ ਜੋ ਸੰਦੇਸ਼ ਚੱਲਣ ਦੇ ਲਈ ਆਣਾ ਸੀ ਉਹ ਬਦਲ ਗਿਆ ਅਤੇ ਵਾਇਰਲੈਸ ਤੇ ਇਹ ਸੰਦੇਸ਼ ਆਇਆ ਕਿ ''ਜਾਣ ਦਾ ਪ੍ਰੋਗਰਾਮ ਰੱਦ ਹੋ ਗਿਆ ਹੈ।'' ਹੁਣ ਚੈਂਬੂਰ ਭਵਨ ਵਿੱਚ ਹੀ ਨਮਸਕਾਰ ਹੋਵੇਗੀ।

ਸਤਿਗੁਰੂ ਬਾਬਾ ਜੀ ਨੇ ਜਦੋਂ ਵੇਖਿਆ ਕਿ ਹਜ਼ਾਰਾਂ ਭਾਈ-ਭੈਣ ਸਤਿਸੰਗ ਭਵਨ ਅਤੇ ਭਵਨ ਦੇ ਬਾਹਰ ਮੌਜੂਦ ਹਨ ਤਾਂ ਜੋ ਤਿੰਨ-ਚਾਰ ਘਰਾਂ ਵਿੱਚ ਜਾਣ ਦਾ ਪ੍ਰੋਗਰਾਮ ਬਣਿਆ ਸੀ, ਉਸ ਨੂੰ ਰੱਦ ਕਰਕੇ ਪ੍ਰੇਮ ਵਿੱਚ ਭਿਜੇ ਭਗਤਾਂ ਨੂੰ ਦਰਸ਼ਨ ਦੇਣ ਦਾ ਨਿਰਣਾ ਲਿਆ। ਇਹ ਸੀ ਸਤਿਗੁਰੂ ਦੀ ਦਿਆਲਤਾ ਦੀ ਜੀਵੰਤ ਮਿਸਾਲ। ਇਸ ਤੋਂ ਬਾਅਦ ਜਦੋਂ ਨਮਸਕਾਰ ਸ਼ਾਮ ਨੂੰ ਸ਼ੁਰੂ ਹੋਈ, ਉਹ ਦੇਰ ਰਾਤ ਤਕ ਬਿਨਾਂ ਰੁਕੇ ਚਲਦੀ ਰਹੀ। ਨਮਸਕਾਰ (ਚਰਣ-ਸਪਰਸ਼) ਕਰਕੇ ਭਗਤਜਨਾਂ ਦੇ ਚੇਹਰੇ ਤੇ ਅਲੌਕਿਕ ਖੁਸ਼ੀ ਵੇਖਣ ਨੂੰ ਮਿਲੀ। ਅਸਲ ਵਿੱਚ ਸਤਿਗੁਰੂ ਹੀ ਹੁੰਦਾ ਹੈ ਜੋ ਵਿਸ਼ਾਲ ਦ੍ਰਿਸ਼ਟੀਕੋਣ ਦੇ ਨਾਲ ਸਭ ਨੂੰ ਅਪਨਾਪਨ ਦੇਂਦਾ ਹੈ। ਬਾਬਾ ਹਰਦੇਵ ਸਿੰਘ ਜੀ ਮਹਾਰਾਜ ਨੇ ਅਪਣੀ ਅਲੌਕਿਕ ਛਵੀਂ ਨਾਲ ਹਰ ਇਕ ਦਿਲ ਨੂੰ ਛੂਹਿਆ। ਇਸਲਈ ਉਹ ਅੱਜ ਵੀ ਸਭ ਦੇ ਹਿਰਦੇ ਵਿੱਚ ਵੱਸੇ ਹੋਏ ਹਨ।

❑ ਸ਼੍ਰੀਰਾਮ ਪ੍ਰਜਾਪਤੀ

# ਹਾਸਾ ਖੇਡਾ

ਪਿਤਾ : (ਪੁੱਤਰ ਨੂੰ) ਤੂੰ ਇਤਿਹਾਸ ਵਿਚੋਂ ਫੇਲ੍ਹ ਕਿਉਂ ਹੋਇਆ?

ਪੁੱਤਰ : ਪਿਤਾ ਜੀ, ਮੈਂ ਕੀ ਕਰਾਂ, ਸਾਰੇ ਪ੍ਰਸ਼ਨ ਉਸ ਸਮੇਂ ਦੇ ਪੁੱਛੇ ਗਏ ਸਨ ਜਦ ਮੈਂ ਪੈਦਾ ਵੀ ਨਹੀਂ ਹੋਇਆ ਸੀ।

..........................

ਪਿਤਾ : (ਪੁੱਤਰ ਨੂੰ) ਬੇਟਾ ਪ੍ਰਸ਼ਨ-ਪੱਤਰ ਕਿਹੋ ਜਿਹਾ ਸੀ?

ਪੁੱਤਰ : ਪਿਤਾ ਜੀ, ਲਾਲ ਰੰਗ ਦਾ ਸੀ।

..........................

ਅਜੈ : ਅਜਿਹੀ ਕਿਹੜੀ ਕਲੀ ਹੈ ਜੋ ਕਦੇ ਨਹੀਂ ਖਿੜਦੀ?

ਵਿਜੈ : ਛਿਪਕਲੀ।

..........................

ਇਕ ਆਦਮੀ : ਥਾਣੇਦਾਰ ਜੀ, ਕਿਸੇ ਨੇ ਮੇਰੀ ਜੇਬ ਕੱਟ ਲਈ।

ਥਾਣੇਦਾਰ : (ਚੀਕ ਕੇ) ਫਿਰ ਇਥੇ ਕਿਉਂ ਆਇਆ, ਦਰਜ਼ੀ ਦੇ ਕੋਲ ਕਿਉਂ ਨਹੀਂ ਜਾਂਦਾ।



..........................

ਇਕ ਦੁਕਾਨਦਾਰ ਭਿਖਾਰੀ ਨੂੰ ਬੋਲਿਆ –

ਕਿਉਂ ਰੋਜ਼-ਰੋਜ਼ ਕੰਮ ਦੇ ਸਮੇਂ ਆ ਜਾਂਦੇ ਹੋ?

ਭਿਖਾਰੀ : ਫਿਰ ਮਹੀਨਾ ਕਿਉਂ ਨਹੀਂ ਬੰਨ੍ਹ ਲੈਂਦੇ।

– ਨਰੇਸ਼

ਇਕ ਔਰਤ ਦੇ ਪਤੀ ਦਾ ਨਾਮ ਮੱਖਣਲਾਲ ਸੀ। ਉਸ ਦੀ ਨੂੰਹ ਦਹੀਂ ਰਿੜਕ ਰਹੀ ਸੀ। ਜਦ ਮੱਖਣ ਉਪਰ ਆਇਆ ਤਾਂ ਨੂੰਹ ਨੇ ਕਿਹਾ –

ਮਾਂ ਜੀ, ਮਟਕੇ ਵਿੱਚ ਮੱਖਣ ਤਿਆਰ ਹੈ।

ਸੱਸ ਨੇ ਝਿੜਕ ਕੇ ਕਿਹਾ –

ਸਹੁਰੇ ਦਾ ਨਾਂ ਲੈਂਦੇ ਤੈਨੂੰ ਸ਼ਰਮ ਨਹੀਂ ਆਉਂਦੀ।

ਨੂੰਹ ਨੇ ਤੁਰੰਤ ਕਿਹਾ –

ਮਾਫ਼ ਕਰਨਾ ਮਾਤਾ ਜੀ, ਵੇਖੋ ਮਟਕੇ ਵਿੱਚ ਪਿਤਾ ਜੀ ਤਿਆਰ ਹਨ।



..........................

ਗਾਹਕ : ਮੈਨੂੰ ਇਸ ਹੋਟਲ ਵਿੱਚ ਇਕ ਹਫ਼ਤਾ ਪਹਿਲਾਂ ਆ ਜਾਣਾ ਚਾਹੀਦਾ ਸੀ।

ਮੈਨੇਜਰ : (ਖੁਸ਼ ਹੋ ਕੇ) ਇਹ ਤਾਂ ਆਪ ਦੀ ਜਰਾਨਵਾਜੀ ਹੈ ਸਾਹਿਬ। ਆਪ ਨੂੰ ਇਥੋਂ ਦਾ ਖਾਣਾ ਕਾਫੀ ਪਸੰਦ ਆਇਆ।

ਗਾਹਕ : ਨਹੀਂ, ਗੱਲ ਇਹ ਹੈ ਕਿ ਜੋ ਖਾਣਾ ਮੈਂ ਹੁਣੇ ਖਾਧਾ ਹੈ, ਉਹ ਉਸ ਸਮੇਂ ਤਾਜ਼ਾ ਹੁੰਦਾ।

..........................

ਟੀ.ਟੀ. : ਤੈਨੂੰ ਪਤਾ ਨਹੀਂ ਬਿਨਾ ਟਿਕਟ ਟ੍ਰੇਨ ਵਿੱਚ ਬੈਠਣਾ ਗੁਨਾਹ ਹੈ।

ਯਾਤਰੀ : ਮੈਨੂੰ ਪਤਾ ਹੈ, ਇਸ ਲਈ ਤਾਂ ਮੈਂ ਖੜਾ ਹਾਂ।

– ਰਤਨੇਸ਼ ਮਿਸ਼ਰਾ

- ਬੇਟੇ, ਕੀ ਨਾਂ ਹੈ ਤੇਰਾ?
- ਜੀ, ਬਬਲੂ।
- ਇਹ ਤਾਂ ਘਰ ਦਾ ਨਾਮ ਹੈ, ਮੈਂ ਤਾਂ ਆਪ ਦੇ ਸਕੂਲ ਦਾ ਨਾਮ ਪੁੱਛਿਆ ਹੈ?
- ਐਮ.ਆਰ.ਵੀ. ਮਾਡਲ ਸਕੂਲ। - ਬੱਚਾ ਬੋਲਿਆ।



ਮਾਧੁਰੀ : ਚਲੋ ਸੀਮਾ, ਤੈਰਨ ਚੱਲੀਏ।

ਸੀਮਾ : ਮਾਧੁਰੀ ਮੈਂ ਪ੍ਰਣ ਕੀਤਾ ਹੈ ਕਿ ਜਦ ਤਕ ਤੈਰਨਾ ਨਹੀਂ ਸਿਖ ਲਵਾਂਗੀ ਤਦ ਤਕ ਪਾਣੀ ਦੇ ਕੋਲ ਨਹੀਂ ਜਾਵਾਂਗੀ।

ਇਕ ਲੜਕਾ ਰਾਹ ਵਿੱਚ ਖੜਾ ਰੋ ਰਿਹਾ ਸੀ। ਇਕ ਵਿਅਕਤੀ ਨੇ ਪੁੱਛਿਆ -

ਬੇਟਾ ਕਿਉਂ ਰੋ ਰਹੇ ਹੋ?

- ਮੇਰੇ ਪੰਜ ਰੁਪਏ ਗਵਾਚ ਗਏ ਹਨ। ਘਰ ਜਾਦੇ ਹੀ ਮਾਂ ਮਾਰੇਗੀ। - ਲੜਕਾ ਬੋਲਿਆ।

ਉਸ ਦਿਆਲੂ ਵਿਅਕਤੀ ਨੇ ਆਪਣੀ ਜੇਬ ਵਿਚੋਂ ਪੰਜ ਰੁਪਏ ਕੱਢ ਕੇ ਦਿੰਦੇ ਹੋਏ ਕਿਹਾ -

ਲਉ ਹੁਣ ਚੁਪ ਹੋ ਜਾਉ।

ਲੇਕਿਨ ਲੜਕਾ ਹੋਰ ਵੀ ਜ਼ੋਰ ਨਾਲ ਰੋਣ ਲੱਗਾ ਤਾਂ ਵਿਅਕਤੀ ਨੇ ਫਿਰ ਪੁੱਛਿਆ -

ਕਿਉਂ ਬੇਟਾ ਹੁਣ ਕਿਉਂ ਰੋ ਰਹੇ ਹੋ?

ਲੜਕਾ ਬੋਲਿਆ - ਮਾਂ ਝਿੜਕੇਗੀ ਕਿ ਤੂੰ ਦਸ ਰੁਪਏ ਲਈ ਕਿਉਂ ਨਹੀਂ ਕਿਹਾ।

- ਪ੍ਰਵੀਨ

ਹੈਪੀ : ਲੋਕ ਕਹਿੰਦੇ ਹਨ ਕਿ ਦਿਨ ਵਿੱਚ ਵੇਖੇ ਸੁਪਨੇ ਸੱਚ ਨਹੀਂ ਹੁੰਦੇ, ਪਰ ਮੇਰਾ ਤਾਂ ਕੱਲ ਦਿਨ ਦਾ ਸੁਪਨਾ ਸੱਚ ਹੋ ਗਿਆ।

ਬੰਟੀ : ਕਿਵੇਂ ਭਲਾ?

ਹੈਪੀ : ਕੱਲ ਦੁਪਹਿਰ ਨੂੰ ਮੈਂ ਸੁੱਤੇ-ਸੁੱਤੇ ਸੁਪਨਾ ਵੇਖਿਆ ਕਿ ਸਰ ਮੈਨੂੰ ਮਾਰ ਰਹੇ ਹਨ ਅਤੇ ਅਚਾਨਕ ਮੈਂ ਜਾਗਿਆ ਤਾਂ ਵੇਖਿਆ ਕਿ ਸੱਚਮੁਚ ਮੈਨੂੰ ਮਾਰ ਪੈ ਰਹੀ ਹੈ।

ਇਕ ਵਾਰ ਇਕ ਕੰਜੂਸ ਸੇਠ ਕਿਰਾਏ ਦੀ ਟੈਕਸੀ ਵਿੱਚ ਬੈਠਾ ਜਾ ਰਿਹਾ ਸੀ ਕਿ ਅਚਾਨਕ ਹੀ ਟੈਕਸੀ ਡਰਾਈਵਰ ਬੋਲਿਆ - ਸਾਹਬ! ਟੈਕਸੀ ਦੇ ਬ੍ਰੇਕ ਫੇਲ੍ਹ ਹੋ ਗਏ ਹਨ।

ਇਸ ਤੇ ਸੇਠ ਜਲਦੀ ਨਾਲ ਬੋਲਿਆ - ਅਰੇ! ਬ੍ਰੇਕ ਫੇਲ੍ਹ ਹੋ ਗਏ ਹਨ ਤਾਂ ਕੀ ਹੋਇਆ? ਪਹਿਲਾਂ ਜਲਦੀ ਨਾਲ ਤੂੰ ਟੈਕਸੀ ਦਾ ਮੀਟਰ ਤਾਂ ਬੰਦ ਕਰ ਭਾਈ।



ਸੁਰੇਸ਼ : ਮੇਰਾ ਭਰਾ ਬਚਪਨ ਤੋਂ ਬਹੁਤ ਤਾਕਤਵਰ ਸੀ।

ਸੁਸ਼ੀਲ : ਤੈਨੂੰ ਕਿਵੇਂ ਪਤਾ?

ਸੁਰੇਸ਼ : ਮੇਰੀ ਮੰਮੀ ਕਹਿੰਦੀ ਹੈ ਕਿ ਜਦ ਤੇਰਾ ਭਰਾ ਰੋਂਦਾ ਸੀ ਤਾਂ ਸਾਰਾ ਘਰ ਸਿਰ ਤੇ ਚੁੱਕ ਲੈਂਦਾ ਸੀ।

- ਦਿਨੇਸ਼ ਰਾਇ

ਬਾਲ ਗੀਤ - ਬਲਵਿੰਦਰ ਬਾਲਮ

# ਮੇਰੀ ਦਾਦੀ ਮਾਂ



ਦਾਦੀ ਮਾਂ ਦਾਦੀ ਮਾਂ।
ਠੰਡੀ ਛਾਂ ਮਿੱਠੀ ਛਾਂ।

ਤੜਕੇ ਸਾਰ ਨਹਾਉਂਦੀ ਹੈ।
ਚੂਰੀ ਫੇਰ ਖਵਾਉਂਦੀ ਹੈ।
ਨਿੱਘੀ ਛਾਂ ਨਿੱਘੀ ਛਾਂ।
ਦਾਦੀ ਮਾਂ ਦਾਦੀ ਮਾਂ।

ਲੋਰੀ ਨਾਲ ਸਵਾਂਦੀ ਹੈ।
ਮਿੱਠੇ ਗੀਤ ਸੁਣਾਦੀ ਹੈ।
ਸਿਰ ਦੇ ਥੱਲੇ ਰਖ ਕੇ ਬਾਂਹ।
ਦਾਦੀ ਮਾਂ ਦਾਦੀ ਮਾਂ।

ਲੈਣ ਸਕੂਲੇ ਆਂਦੀ ਹੈ।
ਵਾਰੇ ਘੋਲੀ ਜਾਂਦੀ ਹੈ।
ਸਾਰਾ ਇਸ ਦੇ ਨਾਲ ਜਹਾਂ।
ਦਾਦੀ ਮਾਂ ਦਾਦੀ ਮਾਂ।

ਚੰਗੀਆਂ ਗੱਲਾਂ ਜਦ ਸੁਣਾਵੇ।
ਮੇਰੇ ਮਨ ਨੂੰ ਚੈਨ ਆ ਜਾਵੇ।
ਉਸ ਦੇ ਮੁੱਖ ਤੇ ਨਹੀਂ ਏਂ ਨਾਂਹ।
ਦਾਦੀ ਮਾਂ ਦਾਦੀ ਮਾਂ।

ਕਹਿੰਦੀ ਮਾਮਾ ਆਏਗਾ।
ਚੀਜੀ ਫੇਰ ਲਿਆਏਗਾ।
ਕੋਠੇ ਤੇ ਜਦ ਬੋਲਣ ਕਾਂ।
ਦਾਦੀ ਮਾਂ ਦਾਦੀ ਮਾਂ।

ਦੁੱਧ ਦੀਆਂ ਧਾਰਾਂ ਪਿਆਉਂਦੀ ਹੈ।
ਮੱਖਣ ਰੋਜ਼ ਖਵਾਂਉਦੀ ਹੈ।
'ਬਾਲਮ' ਚੋਏ ਜਦ ਵੀ ਗਾਂ।
ਦਾਦੀ ਮਾਂ ਦਾਦੀ ਮਾਂ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਆ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1 - ਸੰਸਾਰ ਦੇ ਸਭ ਤੋਂ ਵੱਡੇ ਮਹਾਦੀਪ ਦਾ ਕੀ ਨਾਂ ਹੈ?

ਪ੍ਰਸ਼ਨ 2 - ਈਰਾਨ ਦੇਸ਼ ਦਾ ਪੁਰਾਣਾਂ ਨਾਂ ਕੀ ਸੀ?

ਪ੍ਰਸ਼ਨ 3 - ਅਸਮ ਰਾਜ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 4 - ਬ੍ਰਹਮਾ, ਵਿਸ਼ਨੂੰ, ਮਹੇਸ਼ ਨੇ ਕਿਸ ਮਹਿਲਾ ਦੇ ਪਤੀਵਰਤਾ ਧਰਮ ਦੀ ਪ੍ਰੀਖਿਆ ਲਈ ਸੀ?

ਪ੍ਰਸ਼ਨ 5 - ਭਗਵਾਨ ਸ਼੍ਰੀ ਕ੍ਰਿਸ਼ਨ ਨੇ ਯਮਨਾਂ ਵਿਚ ਰਹਿੰਦੇ ਕਿਸ ਨਾਗ ਨੂੰ ਮਾਰ ਕੇ ਗੋਕਲ ਵਾਸੀਆਂ ਦੀ ਰੱਖਿਆ ਕੀਤੀ ਸੀ?

ਪ੍ਰਸ਼ਨ 6 - ਏਸ਼ੀਆ ਦਾ ਸਭ ਤੋਂ ਵੱਡਾ ਗੋਬੀ ਰੇਗਿਸਤਾਨ ਕਿਸ ਦੇਸ਼ ਵਿਚ ਹੈ?

ਪ੍ਰਸ਼ਨ 7 - ਨੇਤ੍ਰਦਾਨ ਕੀਤੀ ਅੱਖ ਦਾ ਕਿਹੜਾ ਭਾਗ ਉਪਯੋਗ ਕੀਤਾ ਜਾਂਦਾ ਹੈ?

ਪ੍ਰਸ਼ਨ 8 - ਸੰਸਾਰ ਦਾ ਸਭ ਤੋਂ ਵੱਡੇ ਦੀਪ ਸਮੂਹ ਵਾਲਾ ਦੇਸ਼ ਕਿਹੜਾ ਹੈ?

ਪ੍ਰਸ਼ਨ 9 - ਆਸਕਰ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਸੀ?

ਪ੍ਰਸ਼ਨ 10 - ਕਿਸ ਦੇਸ਼ ਨੂੰ ਕੰਗਾਰੂਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ?

ਪ੍ਰਸ਼ਨ 11 - ਮਹਾਤਮਾ ਬੁੱਧ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ 12 - ਯੂਰਪ ਮਹਾਦੀਪ ਦੇ ਕਿਸ ਦੇਸ਼ ਦੀ ਰਾਜਧਾਨੀ ਤਿਰਾਨਾ ਹੈ?

ਪ੍ਰਸ਼ਨ 13 - ਜਨਸੰਖਿਆ ਦੇ ਅਨੁਸਾਰ ਅਫਰੀਕਾ ਮਹਾਦੀਪ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ?

ਪ੍ਰਸ਼ਨ 14 - ਭਾਰਤ ਦੀ ਮੁਦ੍ਰਾ ਕਿਹੜੀ ਹੈ?

ਪ੍ਰਸ਼ਨ 15 - ਭਗਵਾਨ ਸ਼੍ਰੀ ਰਾਮ ਦਾ ਜਨਮ ਕਿੱਥੇ ਹੋਇਆ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ








ਮੌਲੀ ਅਤੇ ਕਿੱਟੀ ਵੇਖੋ.... ਮੈਂ ਤਾਂ ਇਸ ਟਹਿਣੀ ਤਕ ਪਹੁੰਚ ਗਿਆ ਅਤੇ ਆਰਾਮ ਨਾਲ ਕੁੱਦ ਕੇ ਹੇਠਾਂ ਵੀ ਉਤੱਰ ਜਾਵਾਂਗਾ।
ਵਾਹ ਚਿੰਟੂ....ਬਹੁਤ ਵਧੀਆ....
ਹੁਣ ਮੋਟੂ ਦੀ ਵਾਰੀ..... ਮੈਂ ਸਭ ਤੋਂ ਬਾਦ ਅਤੇ ਸਭ ਤੋਂ ਉਪਰ ਚੜ ਕੇ ਦਿਖਾਵਾਂਗੀ.... ਅਤੇ ਪਹਿਲੇ ਸਥਾਨ ਤੇ ਆਊਂਗੀ।
ਵਾਹ ਮੋਟੂ, ਤੇਰੇ ਤੋਂ ਉਪਰ ਤਾਂ ਕਿੱਟੀ ਵੀ ਨਹੀਂ ਚੜ ਸਕੇਗੀ ..ਵਿਚਾਰੀ ਕਿੱਟੀ......ਹਾ...ਹਾ....ਹਾ!!


ਵੇਖੋ ਮੌਲੀ....ਵੇਖੋ... ਵੇਖੋ! ਮੋਟੂ ਅਤੇ ਚਿੰਟੂ ਤੁਸੀਂ ਵੀ ਵੇਖੋ ..... ਮੈਂ ਕਿਹਾ ਸੀ ਨਾ ਕਿ ਮੈਂ ਹੀ ਜਿੱਤਾਂਗੀ। ਯਾ....ਹੂ....ਊ......
ਵਾਹ! ਕਿੰਨਾ ਖੂਬ!! ਕਿੱਟੀ ਤੂੰ ਤਾਂ ਕਮਾਲ ਕਰ ਦਿੱਤਾ....ਸੱਚਮੁਚ ਤੂੰ ਬਹੁਤ ਬਹਾਦਰ ਹੈਂ।
ਆਹ! ਮੇਰਾ ਪੈਰ .... ਰੁੱਖ ਤੋਂ ਡਿਗ ਕੇ ਮੇਰੇ ਪੈਰ ਤੇ ਸੱਟ ਲਗ ਗਈ। ਕੋਈ ਮੰਮੀ ਨੂੰ ਬੁਲਾ ਲਿਆਓ, ਮੈਂ ਖੜੀ ਨਹੀਂ ਹੋ ਸਕਦੀ।


ਕਿੱਟੀ ਬੇਟਾ..... ਕੀ ਹੋਇਆ? ..... ਮੈਂ ਤੈਨੂੰ ਕਿਹਾ ਸੀ ਨਾ ਕਿ ਸ਼ਰਾਰਤ ਨਾ ਕਰਨਾ .... ਵੇਖਿਆ ਗੱਲ ਨਾ ਮੰਨਣ ਦਾ ਨਤੀਜਾ।
ਲਓ ਕਿੱਟੀ ਬੇਟਾ, ਜੂਸ ਪੀ ਲਓ... ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਸ਼ਰਾਰਤ ਨਾ ਕਰਿਆ ਕਰ, ਵੇਖ ਲੱਗ ਗਈ ਨਾ ਸੱਟ.......।
ਸੌਰੀ ਮੰਮਾ, ਅਗੇ ਤੋਂ ਧਿਆਨ ਰੱਖਾਂਗੀ। ਆਪ ਦੀ ਹਰ ਗੱਲ ਮੰਨਾਗੀ।



❒ ਡਾ: ਸੇਵਾ ਨੰਦਵਾਲ

# ਮਾਂ ਦੀ ਨਸੀਹਤ

ਇਕ ਸੀ ਕਾਲੇ ਮੂੰਹ ਵਾਲੀ ਬਾਂਦਰੀ ਕਰੀਨਾ। ਉਸ ਦਾ ਇਕ ਬੇਟਾ ਸੀ ਬਾਬੀ। ਜਿਸ ਨੂੰ ਉਹ ਬਹੁਤ ਪਿਆਰ ਕਰਦੀ ਸੀ। ਬਹੁਤ ਜ਼ਿਆਦਾ ਲਾਡ-ਪਿਆਰ ਦੀ ਵਜ੍ਹਾ ਨਾਲ ਬਾਬੀ ਨਟਖਟ, ਉਦੰਗ ਅਤੇ ਜ਼ਿੱਦੀ ਬਣ ਗਿਆ ਸੀ। ਕਰੀਨਾ ਉਸ ਨੂੰ ਹਮੇਸ਼ਾਂ ਸਮਝਾਉਂਦੇ ਹੋਏ ਨਸੀਹਤ ਦਿੰਦੀ - ਪਹਾੜੀ ਵਾਲੇ ਤਲਾਬ ਵਿੱਚ ਕਦੇ ਨਾ ਨਹਾਉਣਾ। ਉਸ ਸਥਾਨ ਤੇ ਕਦੇ ਨਾ ਠਹਿਰਣਾ ਜਿਥੇ ਇਨਸਾਨਾਂ ਦੀ ਭੀੜ-ਭਾੜ ਹੋਵੇ ਅਤੇ ਆਖਿਰੀ ਗੱਲ; ਅਚਾਨਕ ਆਏ ਸੰਕਟ ਤੋਂ ਨਿਬੜਨ ਲਈ ਇਸ਼ਟਦੇਵ ਦਾ ਸਿਮਰਨ ਮਾਤਰ ਕਾਫੀ ਨਹੀਂ ਹੈ ਬਲਕਿ ਯਤਨ ਵੀ ਜ਼ਰੂਰੀ ਹੈ।

ਇਕ ਦਿਨ ਕਰੀਨਾ ਨੂੰ ਗੂੜੀ ਨੀਂਦ ਆ ਗਈ ਤਾਂ ਫਾਇਦਾ ਉਠਾਉਂਦੇ ਹੋਏ ਬਾਬੀ ਆਪਣੇ ਡੇਰੇ ਤੋਂ ਬਾਹਰ ਨਿਕਲ ਆਇਆ। ਉਸ ਦੇ ਚੰਚਲ ਮਨ ਵਿੱਚ ਮੰਮੀ ਦੀਆਂ ਦਿੱਤੀਆਂ ਹੋਈਆਂ ਨਸੀਹਤਾਂ ਕੁਲਬੁਲਾ ਰਹੀਆਂ ਸਨ ਜਿਨ੍ਹਾਂ ਨੂੰ ਅਜਮਾਉਣ ਲਈ ਉਹ ਉਤਾਵਲਾ ਹੋ ਉਠਿਆ ਸੀ। ਆਖਿਰ ਪਹਾੜੀ ਵਾਲੇ ਤਲਾਬ ਵਿੱਚ ਨਹਾਉਣ ਤੋਂ ਮੰਮੀ ਕਿਉਂ ਮਨ੍ਹਾ ਕਰਦੀ ਹੈ? ਭੀੜਭਾੜ ਵਾਲੀ ਜਗ੍ਹਾ ਤੇ ਜਾਣ ਵਿੱਚ ਕੀ ਪ੍ਰੇਸ਼ਾਨੀ ਹੈ?

ਪਲਕ ਝਪਕਦੇ ਹੀ ਉਛਲਦਾ-ਕੁਦਦਾ ਬਾਬੀ ਪਹਾੜੀ ਵਾਲੇ ਤਲਾਬ ਕੋਲ ਪਹੁੰਚ ਗਿਆ। ਮਟਮੈਲੇ ਪਾਣੀ ਵਿੱਚ ਉਸ ਨੇ ਜਿਉਂ ਹੀ ਛਾਲ ਮਾਰੀ.... ਇਹ ਕੀ, ਉਸ ਦੇ ਪੈਰਾਂ ਨੂੰ ਜਿਵੇਂ ਕਿਸੇ ਨੇ ਜਕੜ ਲਿਆ। ਉਸ ਨੇ ਪੈਰ ਖਿੱਚਣ ਦੀ ਭਰਪੂਰ ਕੋਸ਼ਿਸ਼ ਕੀਤੀ ਤਾਂ ਹੋਰ ਧੱਸਣ ਲੱਗਾ।

ਦਰਅਸਲ ਉਥੇ ਦਲਦਲ ਸੀ ਜਿਸ ਵਿੱਚ ਉਹ ਨਿਰੰਤਰ ਧਸਦਾ ਜਾ ਰਿਹਾ ਸੀ। ਹਾਰ ਕੇ ਉਹ ਜ਼ੋਰ-ਜ਼ੋਰ ਨਾਲ ਰੋਣ ਲੱਗਾ ਤਾਂ ਇਕ ਬਾਜ ਪੰਛੀ ਨੇ ਲਪਕ ਕੇ ਉਸ ਨੂੰ ਬਾਹਰ ਕੱਢ ਲਿਆ।

- ਧੰਨਵਾਦ ਬਾਜ ਅੰਕਲ! ਆਪ ਨੇ ਮੇਰੀ ਜਾਨ ਬਚਾਈ। - ਬਾਬੀ ਬੋਲਿਆ।

ਧੰਨਵਾਦ ਦੇਣ ਦੀ ਲੋੜ ਨਹੀਂ ਹੈ ਕਿਉਂਕਿ ਮੈਂ ਤੈਨੂੰ ਇਸ ਲਈ ਬਚਾਇਆ ਹੈ ਕਿ ਆਪਣਾ ਦੁਪਹਿਰ ਦਾ ਭੋਜਨ ਬਣਾ ਸਕਾਂ। - ਬਾਜ ਨੇ ਆਪਣੀ ਮੰਸ਼ਾ ਦੱਸੀ ਤਾਂ ਬਾਬੀ ਦੇ ਹੱਥ-ਪੈਰ ਫੁੱਲਣ ਲੱਗੇ। 'ਆਸਮਾਨ ਸੇ ਗਿਰਾ ਖਜੂਰ ਪਰ ਅਟਕਾ।' ਵਾਲੀ ਕਹਾਵਤ ਸਿੱਧ ਹੋਣ ਲੱਗੀ। ਤਦ ਇਕ ਵਿਸ਼ਾਲ ਅਜ਼ਗਰ ਨੂੰ ਆਪਣੇ ਵੱਲ ਆਉਂਦਾ ਵੇਖ ਬਾਜ ਪੰਛੀ ਦਾ ਧਿਆਨ ਭੰਗ ਹੋਇਆ ਤਾਂ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਬਾਬੀ



ਬਾਂਦਰ ਜਾਨ ਬਚਾ ਕੇ ਭੱਜ ਨਿਕਲਿਆ। ਮੰਮੀ ਦੀ ਪਹਿਲੀ ਨਸੀਹਤ ਸਹੀ ਨਿਕਲੀ।

ਅਗਲੇ ਦਿਨ ਜਿਉਂ ਹੀ ਕਰੀਨਾ ਬਾਂਦਰੀ ਨੇ ਖਰਾਟੇ ਭਰਨੇ ਸ਼ੁਰੂ ਕੀਤੇ। ਬਾਬੀ ਸੱਜ-ਧੱਜ ਕੇ, ਸਿਰ ਤੇ ਲਾਲ ਟੋਪੀ ਪਾਈ ਘਰ ਤੋਂ ਬਾਹਰ ਨਿਕਲ ਗਿਆ ਅਤੇ ਪਹੁੰਚ ਗਿਆ ਉਥੇ ਜਿਥੇ ਬਹੁਤ ਸਾਰੇ ਲੋਕ ਪਿਕਨਿਕ ਮਨਾਉਣ ਲਈ ਇੱਕਠੇ ਹੋਏ ਸਨ। ਬਾਬੀ ਬਾਂਦਰ ਦੇ ਸਿਰ ਤੇ ਲੱਗੀ ਰੰਗੀਨ ਟੋਪੀ ਤੇ ਇਕ ਮਾਸੂਮ ਬੱਚੇ ਦਾ ਦਿਲ ਆ ਗਿਆ ਅਤੇ ਉਹਨੂੰ ਲੈਣ ਲਈ ਮਚਲਣ ਲੱਗਾ। ਸਮਝਾਉਣ ਤੇ ਵੀ ਜਦ ਬਾਲਕ ਟਸ ਤੋਂ ਮਸ ਨਹੀਂ ਹੋਇਆ ਤਾਂ ਆਖਿਰਕਾਰ ਬੱਚੇ ਦੇ ਪਿਤਾ ਨੇ ਆਪਣੇ ਸਾਥੀਆਂ ਦੇ ਕੰਨ ਵਿੱਚ ਕੁਝ ਫੁਸਫੁਸਾਇਆ। ਫੌਰਨ ਤਿੰਨ ਚਾਰ ਆਦਮੀ ਸਿਰ ਤੇ ਟੋਪੀ ਲਗਾਏ ਸਾਹਮਣੇ ਰੁੱਖ ਤੇ ਚੜ੍ਹ ਗਏ ਅਤੇ ਆਪਣੇ ਸਿਰ ਤੋਂ ਟੋਪੀ ਲਾਹ ਕੇ ਹੇਠਾਂ ਸੁੱਟਣ ਲੱਗੇ। ਬਸ ਨਕਲਚੀ ਬਾਬੀ ਨੇ ਵੀ ਆਪਣੇ ਸਿਰ ਤੋਂ ਟੋਪੀ ਲਾਹ ਕੇ ਹੇਠਾਂ ਸੁੱਟ ਦਿੱਤੀ। ਆਪਣੀ ਟੋਪੀ ਗਵਾਉਣ ਦਾ ਉਸ ਨੂੰ ਬਹੁਤ ਅਫਸੋਸ ਹੋਇਆ ਪਰ 'ਅਬ ਪਛਤਾਏ ਕਿਆ ਹੋਤ ਜਬ ਚਿੜੀਆ ਚੁਗ ਗਈ ਖੇਤ।' ਇਸ ਤਰ੍ਹਾਂ ਮੰਮੀ ਦੀ ਦੂਸਰੀ ਨਸੀਹਤ ਤੇ ਵੀ ਮੋਹਰ ਲੱਗ ਗਈ।

ਇਕ-ਦੋ ਦਿਨ ਬਾਅਦ ਇਕ ਸਵੇਰੇ ਬਾਬੀ ਫਿਰ ਘਰੋਂ ਭੱਜ ਕੇ ਤੋਂਦੂ ਤੇਂਦੂਏ ਦੀ ਗੁਫਾ ਦੇ ਨੇੜੇ ਪਹੁੰਚ ਗਿਆ। ਬਾਬੀ ਨੂੰ ਵੇਖਦੇ ਹੀ ਲਾਰ ਟਪਕਾਉਂਦੇ ਹੋਏ ਅਤੇ ਖੁਸ਼ ਹੁੰਦੇ ਹੋਏ ਤੋਂਦੂ ਤੇਂਦੂਏ ਨੇ ਕਿਹਾ – ਆ ਜਾ ਬੱਚੇ, ਮੈਂ ਨਾਸ਼ਤੇ ਦਾ ਇੰਤਜਾਰ ਕਰ ਰਿਹਾ ਸੀ। ਸਵੇਰੇ-ਸਵੇਰੇ ਮੈਨੂੰ ਨਰਮ ਮਾਸ ਦਾ ਨਾਸ਼ਤਾ ਬਹੁਤ ਭਾਉਂਦਾ ਹੈ।

ਬਾਬੀ ਸਿਰ ਤੋਂ ਪੈਰ ਤਕ ਕੰਬ ਗਿਆ। ਹੁਣ ਫੁਰਤੀਲੇ ਤੇਂਦੂਏ ਤੋਂ ਜਾਨ ਬਚਾਉਣਾ ਨਾਮੁਮਕਿਨ ਸੀ। ਡਰ ਦੇ ਮਾਰੇ ਉਸ ਦੇ ਹੱਥ-ਪੈਰ ਫੁੱਲਣ ਲੱਗੇ, ਜਿਵੇਂ ਉਸ ਵਿੱਚ ਤਾਕਤ ਹੀ ਨਾ ਰਹੀ ਹੋਵੇ। ਤਦ ਉਸ ਨੂੰ ਮੰਮੀ ਦੀ ਨਸੀਹਤ ਯਾਦ ਆਈ ਅਤੇ ਉਹ ਆਪਣੇ ਇਸ਼ਟਦੇਵ ਹਨੂਮਾਨ ਜੀ ਦਾ ਸਿਮਰਨ ਕਰਨ ਲੱਗਾ ਲੇਕਿਨ ਐਨਾ ਕਾਫੀ ਨਹੀਂ ਸੀ। ਹਿੰਮਤ ਕਰਕੇ ਉਹ ਲਾਗਲੇ ਰੁੱਖ ਦੀ ਟਹਿਣੀ ਤੇ ਚੜ੍ਹਨ ਲੱਗਾ, ਤੇਂਦੂਏ ਨੇ ਵੀ ਜੋਰਦਾਰ ਛਲਾਂਗ ਲਗਾਈ ਲੇਕਿਨ ਨਾਜ਼ੁਕ ਟਹਿਣੀ ਉਸ ਦਾ ਬੋਝ ਸਹਿਨ ਨਹੀਂ ਕਰ ਸਕੀ ਅਤੇ ਟਹਿਣੀ ਟੁੱਟਣ ਦੇ ਬਾਅਦ ਤੇਂਦੂਆ ਵੀ ਧੜਾਮ ਜ਼ਮੀਨ ਤੇ ਆ ਡਿੱਗਾ। ਤੇਂਦੂਆ ਜਦ ਤਕ ਸੰਭਲਦਾ ਬਾਬੀ ਬਾਂਦਰ ਪੂਰੀ ਸ਼ਕਤੀ ਨਾਲ ਇਧਰ-ਉਧਰ ਉਛਲਦਾ-ਕੁਦਦਾ 'ਨੌਂ ਦੋ ਗਿਆਰਾਂ ਹੋ ਗਿਆ।'

ਘਰ ਪਹੁੰਚਿਆ ਤਾਂ ਕਰੀਨਾ ਬਾਂਦਰੀ ਬੇਚੈਨੀ ਨਾਲ ਉਸ ਦੀ ਉਡੀਕ ਕਰ ਰਹੀ ਸੀ। ਬਦਹਵਾਸ ਬਾਬੀ ਨੇ ਮੰਮੀ ਵੱਲ ਵੇਖਿਆ ਅਤੇ ਛਾਤੀ ਨਾਲ ਚਿਪਕ ਗਿਆ। ਮੰਮੀ ਦੀ ਨਸੀਹਤ ਨਾਲ ਅੱਜ ਉਸ ਦੀ ਜਾਨ ਬਚੀ ਸੀ। ■





ਜਾਣਕਾਰੀ - ਸਤਿਆਵਾਨ ਮਲਿਕ

# ਚੀਨ ਦੀ ਦੀਵਾਰ ਕਿਉਂ ਬਣੀ?

ਬੱਚਿਉ ! ਤੁਸੀਂ ਸਾਰੇ ਦੁਨੀਆਂ ਦੇ ਸੱਤ ਅਜੂਬੇ ਵਿਚੋਂ ਇਕ ਚੀਨ ਦੀ ਦੀਵਾਰ ਬਾਰੇ ਜਾਣਦੇ ਹੋਵੋਗੇ। ਇਹ ਵੀ ਜਾਣਦੇ ਹੋਵੋਗੇ ਕਿ ਇਹ ਦੁਨੀਆ ਦੀ ਸਭ ਤੋਂ ਲੰਮੀ ਦੀਵਾਰ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਇਸਨੂੰ ਕਿਉਂ ਅਤੇ ਕਿਸ ਨੇ ਬਣਵਾਇਆ ਸੀ?

ਆਉਂ ਅਸੀਂ ਦੱਸਦੇ ਹਾਂ। ਪ੍ਰਾਚੀਨਕਾਲ ਵਿਚ ਚੀਨ ਦੇ ਲਗਭਗ ਸਾਰੇ ਸ਼ਹਿਰਾਂ ਨੂੰ ਬਾਹਰੀ ਹਮਲੇ ਤੋਂ ਬਚਾਉਣ ਲਈ ਉਹਨਾਂ ਦੇ ਚਾਰੇ ਪਾਸੇ ਉਚੀਆਂ ਉਚੀਆਂ ਦੀਵਾਰਾਂ ਬਣਾਈਆਂ ਜਾਂਦੀਆਂ ਸਨ। ਈਸਾ ਤੋਂ 221 ਸਾਲ ਪਹਿਲਾਂ ਚੀਨ ਦੇ ਮਹਾਨ ਸਮਰਾਟ ਨੇ ਚੀਨ ਦੇ ਵੱਖ-ਵੱਖ ਹਿੱਸਿਆਂ ਨੂੰ ਜੋੜ ਕੇ ਇਕ ਵਿਸ਼ਾਲ ਸਾਮਰਾਜ ਬਣਾਇਆ। ਉਸ ਸਮਰਾਟ ਦਾ ਨਾਂ 'ਸ਼ੀ ਹੁਵੇਂਗ ਤੀ' ਸੀ। ਉਸਦੇ ਰਾਜ ਦੇ ਉਤਰ ਵਿਚ ਰੇਗਿਸਤਾਨੀ ਘੁਮੰਤੂ ਰਹਿੰਦੇ ਸਨ ਜੋ ਬਹੁਤ ਕਰੂਰ ਅਤੇ ਵਹਿਸ਼ੀ ਸਨ। ਸਮਰਾਟ ਨੂੰ ਲੱਗਿਆ ਕਿ ਇਹਨਾਂ ਤੋਂ ਰਾਜ ਨੂੰ ਖਤਰਾ ਹੈ ਇਸ ਲਈ ਉਸਨੇ ਆਦੇਸ਼ ਦਿੱਤਾ ਕਿ ਇੰਨੀ ਲੰਮੀ ਅਤੇ ਉਚੀ ਦੀਵਾਰ ਬਣਾਈ ਜਾਵੇ ਕਿ ਚੀਨ ਦੇ ਸਾਰੇ ਉਤਰੀ ਪ੍ਰਾਂਤ ਸੁੱਰਖਿਅਤ ਰਹਿਣ। 15 ਸਾਲ ਵਿਚ ਹੀ ਇਸ ਨੂੰ ਪੂਰਾ ਕਰ ਲਿਆ ਗਿਆ।

ਉਸ ਸਮੇਂ ਤੋਂ ਅੱਜ ਤਕ ਇਸ ਦੀਵਾਰ ਦਾ ਵਿਸਥਾਰ ਅਤੇ ਦੁਬਾਰਾ ਨਿਰਮਾਣ ਅਨੇਕ ਵਾਰ ਕੀਤਾ ਗਿਆ ਹੈ ਅਤੇ ਇਸਦਾ ਕਾਫੀ ਹਿੱਸਾ ਖਰਾਬ ਵੀ ਹੋ ਗਿਆ ਹੈ। ਇਸਦੇ ਬਾਵਜੂਦ ਦੀਵਾਰ ਕਾਫੀ ਹਦ ਤਕ ਬਚੀ ਹੋਈ ਹੈ। ਜਿਸ ਉਦੇਸ਼ ਲਈ ਦੀਵਾਰ ਦਾ ਨਿਰਮਾਣ ਕੀਤਾ ਗਿਆ, ਉਹ ਦੀਵਾਰ ਇਨੀ ਚੰਗੀ ਨਹੀਂ ਸੀ ਕਿ ਕਬਾਈਲੀਆਂ ਦੀ ਘੁਸਪੈਠ ਨੂੰ ਰੋਕ ਸਕੇ। ਇਸ ਤੋਂ ਇਲਾਵਾ ਦੀਵਾਰ ਦਾ ਕੁਝ ਹਿੱਸਾ ਮੁਰੰਮਤ ਮੰਗਦਾ ਸੀ ਇਸ ਲਈ ਕਬਾਈਲੀ ਟੁੱਟੇ ਹੋਏ ਹਿੱਸੇ ਤੋਂ ਆਉਣਾ ਜਾਣਾ ਜਾਰੀ ਰੱਖਦੇ ਸਨ। ਕਦੇ ਕਦੇ ਚੀਨੀ ਕਿਸਾਨ ਦੀਵਾਰ ਤੋਂ ਬਾਹਰ ਆਪਣੀ ਫਸਲ ਲਾਇਆ ਕਰਦੇ ਸਨ। ਇਸਦੇ ਬਾਵਜੂਦ ਇਸ ਦੀਵਾਰ ਦਾ ਆਪਣਾ ਮਹੱਤਵ ਹੈ। ਅੱਜ ਵੀ ਉਹ ਚੀਨੀ ਅਤੇ ਮੰਗੋਲ ਸੰਸਕ੍ਰਿਤੀ ਵਿਚਕਾਰ ਇਕ ਕਿਸਮ ਦੀ ਸੀਮਾ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਨਾਲ ਹੀ ਇਹ ਖੇਤੀ ਅਤੇ ਘੁਮੰਤੂ ਜੀਵਨ ਸ਼ੈਲੀਆਂ ਦੇ ਵਿਚਕਾਰ ਵੀ ਦੀਵਾਰ ਦਾ ਕੰਮ ਕਰਦੀ ਹੈ

ਇਹ ਦੀਵਾਰ 1500 ਮੀਲ ਤੋਂ ਵੱਧ ਲੰਮੀ ਹੈ। ਇਸਨੂੰ ਸੁਰੱਖਿਆ ਦੇ ਲਈ ਬਣਾਇਆ ਗਿਆ ਸੀ ਇਸ ਲਈ ਇਹ ਪਹਾੜਾਂ ਦਾ ਸਹਾਰਾ ਲੈਂਦੀ ਹੈ ਅਤੇ ਪਤਲੇ ਪਤਲੇ ਨਾਲਿਆਂ ਦਾ ਲਾਭ ਉਠਾਉਂਦੀ ਹੈ। ਇਸ ਦੀਵਾਰ ਦੀ ਇਕ ਖਾਸੀਅਤ ਹੋਰ ਹੈ ਕਿ ਇਸਦੇ ਕੁਝ ਹਿੱਸੇ ਤੋਂ ਮਿੱਟੀ ਦੀ ਬਹੁਤ ਪਿਆਰੀ ਅਤੇ ਭਿੰਨੀ ਖੁਸ਼ਬੂ ਆਉਂਦੀ ਹੈ ਕਿ ਬਸ ਦਿਲ ਨੂੰ ਛੂਅ ਜਾਂਦੀ ਹੈ। ਹਾਂ ਦੀਵਾਰ ਦੀ ਉਚਾਈ ਇੱਕੋ ਜਿਹੀ ਨਹੀਂ ਹੈ। ਇਹ 4 ਤੋ 9 ਮੀਟਰ ਉਚੀ ਹੈ ਅਤੇ ਨਿਯਮਿਤ ਦੂਰੀ ਤੇ ਇਸ ਵਿਚ ਵਾਚਟਾਵਰ ਬਣੇ ਹੋਏ ਹਨ। ਇਕ ਹੋਰ ਦਿਲਚਸਪ ਗੱਲ ਇਹ ਵੀ ਹੈ ਕਿ ਦੀਵਾਰ ਦੇ ਉਤੇ ਚਾਰ ਮੀਟਰ ਚੌੜੀ ਸੜਕ ਵੀ ਹੈ।

# ਕੀ ਤੁਸੀਂ ਜਾਣਦੇ ਹੋ




* ਦੁਨੀਆ ਦੀ ਸਭ ਤੋਂ ਗਹਿਰੀ ਖਦਾਨ ਈਸਟ ਰੈਂਡ ਮਾਇਨ ਹੈ। ਜਿਸ ਦੀ ਗਹਿਰਾਈ 3585 ਮੀਟਰ ਹੈ।
* ਦੁਨੀਆ ਦਾ ਸਭ ਤੋਂ ਛੋਟਾ ਯੁੱਧ ਇੰਗਲੈਂਡ ਅਤੇ ਜਾਂਜੀਬਾਰ ਦੇ ਵਿੱਚ ਸਾਲ 1896 ਦਾ ਸੀ ਜਿਸ ਵਿੱਚ ਜਾਂਜੀਬਾਰ ਨੇ 38 ਮਿੰਟ ਵਿੱਚ ਸਮਰਪਣ ਕਰ ਦਿੱਤਾ ਸੀ।
* ਅਲਬੈਟ੍ਰਾਸ ਬਿਨਾ ਆਪਣੇ ਖੰਭ ਫੜਫੜਾਏ ਹਵਾ ਵਿੱਚ 6 ਦਿਨ ਤਕ ਲਗਾਤਾਰ ਉਡਦਾ ਰਹਿ ਸਕਦਾ ਹੈ। ਮਜੇ ਦੀ ਗੱਲ ਇਹ ਵੀ ਹੈ ਕਿ ਉਡਦੇ-ਉਡਦੇ ਹੀ ਝਪਕੀਆਂ ਵੀ ਲੈ ਸਕਦਾ ਹੈ।
* ਜ਼ਿਰਾਫ ਰੋਜ਼ਾਨਾਂ ਅੱਧੇ-ਘੰਟੇ ਦੀ ਨੀਂਦ ਲੈਂਦੇ ਹਨ।
* ਕਾਕਰੋਚ ਸਿਰ ਕੱਟਣ ਦੇ ਬਾਦ ਵੀ ਨੌ ਦਿਨਾਂ ਤਕ ਜ਼ਿੰਦਾ ਰਹਿ ਸਕਦਾ ਹੈ।
* ਤਿਤਲੀ ਆਪਣੇ ਪੈਰਾਂ ਨਾਲ ਸਵਾਦ ਚੱਖਦੀ ਹੈ।
* ਜਦ ਵੀ ਚੰਨ ਸਾਡੇ ਸਿਰ ਤੇ ਹੁੰਦਾ ਹੈ। ਉਸ ਸਮੇਂ ਸਾਡਾ ਵਜਨ ਕੁਝ ਘੱਟ ਹੋ ਜਾਂਦਾ ਹੈ।
* ਜਦ ਗੇਂਡੇ ਉਦਾਸ ਹੁੰਦੇ ਹਨ ਤਾਂ ਉਹਨਾਂ ਦੇ ਪਸੀਨੇ ਦਾ ਰੰਗ ਲਾਲ ਹੋ ਜਾਂਦਾ ਹੈ।
* ਮੱਛਰਾਂ ਦੇ 47 ਦੰਦ ਹੁੰਦੇ ਹਨ।
* ਚਿੰਪਾਂਜੀ 300 ਕਿਸਮ ਦੇ ਇਸ਼ਾਰੇ ਸਮਝ ਲੈਂਦਾ ਹੈ।
* ਚਾਰ ਦਿਨ ਦਾ ਹਫਤਾ ਤਿੱਬਤ ਵਿੱਚ ਮਨਾਇਆ ਜਾਂਦਾ ਹੈ।
* ਚੂਹੇ ਬਿਨਾ ਪਾਣੀ ਪੀਤੇ ਊਠ ਤੋਂ ਜ਼ਿਆਦਾ ਸਮੇਂ ਤੱਕ ਜੀਵਿਤ ਰਹਿ ਸਕਦੇ ਹਨ।
* ਇਕ ਬਾਲਗ ਮਾਨਵ ਦੀ ਪੱਟ ਦੀ ਹੱਡੀ ਕੰਕਰੀਟ ਤੋਂ ਜ਼ਿਆਦਾ ਮਜ਼ਬੂਤ ਹੁੰਦੀ ਹੈ।
* ਫਰਵਰੀ 1865 ਅਤੇ ਫਰਵਰੀ 1999 ਇਤਿਹਾਸ ਵਿੱਚ ਦਰਜ ਦੋ ਹੀ ਅਜਿਹੇ ਮਹੀਨੇ ਰਹੇ ਹਨ ਜਦ ਪੂਰਣ ਚੰਨ ਦਿਖਾਈ ਨਹੀਂ ਦਿਤਾ ਸੀ।
* ਆਪ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਟੇਲੀਫੋਨ ਦੀ ਕਾਢ ਕੱਢਣ ਵਾਲੇ ਇਲੇਕਜੈਂਡਰ ਗ੍ਰਾਹਮਬੇਲ ਕਦੇ ਆਪਣੀ ਮਾਂ ਅਤੇ ਪਤਨੀ ਨਾਲ ਫੋਨ ਤੇ ਗੱਲ ਨਹੀਂ ਕਰ ਸਕੇ ਕਿਉਂਕਿ ਉਹ ਦੋਵੇਂ ਸੁਣ ਨਹੀਂ ਸਕਦੀਆਂ ਸਨ।
* ਮਾਦਾ ਚਮਗਾਦੜ ਦੇ ਸੁਣਨ ਦੀ ਸ਼ਕਤੀ ਐਨੀ ਤੀਵਰ ਹੁੰਦੀ ਹੈ ਕਿ ਲੱਖਾਂ ਬੱਚਿਆਂ ਵਿੱਚੋਂ ਕਿਸ ਬੱਚੇ ਨੇ ਉਸ ਨੂੰ ਪੁਕਾਰਿਆ ਹੈ, ਉਹ ਸੁਣ ਕੇ ਤੁਰੰਤ ਪਹਿਚਾਨ ਲੈਂਦੀ ਹੈ।
* ਸਪੇਸ ਯਾਤਰੀ ਸਪੇਸ ਵਿੱਚ ਡਕਾਰ ਨਹੀਂ ਲੈ ਸਕਦੇ।
* ਟਿੱਡੇ ਦੀਆਂ ਟੰਗਾਂ ਸ਼ਰੀਰ ਤੋਂ ਵੱਖ ਹੋ ਜਾਣ ਤੇ ਵੀ ਚਲਦੀਆਂ ਰਹਿ ਸਕਦੀਆਂ ਹਨ।

ਸੰਗ੍ਰਿਹਕਰਤਾ - ਵਿਭਾ ਸ਼ਰਮਾ



❒ ਰਾਜਕੁਮਾਰ 'ਰਾਜਨ'

# ਸ਼ੱਕ ਦੂਰ ਹੋਇਆ

ਮੀਕੂ ਭੇੜੀਆ ਜਿਉਂ ਹੀ ਘਰ ਦੇ ਨੇੜੇ ਆਇਆ ਤਾਂ ਉਹ ਘਰ ਦੇ ਬਾਹਰ ਜਾਨਵਰਾਂ ਦੀ ਭੀੜ ਵੇਖ ਕੇ ਸ਼ੱਕ ਵਿੱਚ ਪੈ ਗਿਆ। ਪੂਰੇ ਦਿਨ ਦੀ ਥਕਾਨ ਭੁੱਲ ਕੇ ਉਹ ਤੇਜ਼ ਕਦਮਾਂ ਨਾਲ ਘਰ ਵੱਲ ਵਧਿਆ। ਉਸ ਦਾ ਮਨ ਸ਼ੰਕਿਆਂ ਨਾਲ ਭਰ ਗਿਆ ਸੀ। ਮੀਕੂ ਨੂੰ ਆਉਂਦੇ ਹੋਏ ਵੇਖ ਕੇ ਟੋਮੀ ਕੁੱਤਾ ਬੋਲਿਆ – ਲਉ, ਮੀਕੂ ਚਾਚਾ ਵੀ ਆ ਗਏ। ਜੋ ਕੁਝ ਕਹਿਣਾ ਹੈ ਇਹਨਾਂ ਨੂੰ ਕਹੋ।

ਮੀਕੂ ਭੇੜੀਏ ਨੇ ਆਉਂਦੇ ਹੀ ਪੁੱਛਿਆ – ਕੀ ਗੱਲ ਹੈ ਟੋਮੀ ਭਾਈ। ਸਾਰੇ ਜਾਨਵਰ ਇਥੇ ਕਿਵੇਂ ਇੱਕਠੇ ਹੋਏ ਹਨ?

ਜਵਾਨ ਬੱਚੇ ਹਨ ਨਾ! ਜਰਾ ਜਿਹੀ ਗੱਲ ਤੇ ਉਬਾਲ ਆ ਜਾਂਦਾ ਹੈ। ਅਗੇ-ਪਿਛੇ ਤਾਂ ਕੁਝ ਸੋਚਦੇ ਹੀ ਨਹੀਂ ਹਨ। ਦੋ ਘੰਟੇ ਤੋਂ ਸਮਝਾ ਰਿਹਾ ਹਾਂ, ਸਮਝਦੇ ਹੀ ਨਹੀਂ। ਟੋਮੀ ਕੁੱਤੇ ਨੇ ਪ੍ਰੇਸ਼ਾਨ ਹੋ ਕੇ ਕਿਹਾ – ਖੇਡ-ਖੇਡ ਵਿੱਚ ਬੱਚੇ ਆਪਸ ਵਿੱਚ ਲੜ ਪਏ। ਤੇਰੇ ਬੇਟੇ ਬੰਟੀ ਭੇੜੀਏ ਦੇ ਹੱਥੋਂ ਚਿੰਕੂ ਕੁੱਤੇ ਦੇ ਬਾਲ ਲਗ ਗਈ। ਬਸ, ਬੱਚੇ ਆਪਸ ਵਿੱਚ ਝਗੜ ਪਏ। ਇਹ ਤਾਂ ਮੈਨੂੰ ਪਤਾ ਲੱਗ ਗਿਆ ਅਤੇ ਮੈਂ ਤੁਰੰਤ ਇਥੇ ਆਇਆ, ਨਹੀਂ ਤਾਂ ਬੱਚੇ ਕੋਈ ਅਣਹੋਣਾ ਕੰਮ ਕਰ ਚੁੱਕੇ ਹੁੰਦੇ। – ਟੋਮੀ ਕੁੱਤਾ ਐਨਾ ਕਹਿੰਦੇ ਹੋਏ ਮੀਕੂ ਭੇੜੀਏ ਦੇ ਨਾਲ ਜਾਨਵਰਾਂ ਦੇ ਵਿੱਚ ਆ ਗਿਆ।

ਮੀਕੂ ਭੇੜੀਏ ਨੂੰ ਇਸ ਜੰਗਲ ਬਸਤੀ ਵਿੱਚ ਰਹਿੰਦੇ ਹੋਏ ਕਈ ਸਾਲ ਹੋ ਗਏ ਸਨ। ਉਹ ਜੰਗਲ ਦੇ ਸਕੂਲ ਦੇ ਬੱਚਿਆਂ ਨੂੰ ਪੜਾਉਂਦਾ ਸੀ। ਉਸ ਦਾ ਪੱਕਾ ਮਕਾਨ ਸੀ। ਉਥੇ ਸਾਰੇ ਪ੍ਰੇਮ ਨਾਲ ਰਹਿੰਦੇ ਅਤੇ ਖੇਡਦੇ ਸਨ।

ਟੋਮੀ ਕੁੱਤੇ ਨੇ ਸਾਰੇ ਬੱਚਿਆਂ ਨੂੰ ਸਮਝਾਉਣ ਦੇ ਬਾਦ ਝਿੜਕਦੇ ਹੋਏ ਕਿਹਾ – ਸਾਰੇ ਆਪਣੇ-ਆਪਣੇ ਘਰ ਵਾਪਿਸ ਜਾਉ। ਥੋੜੀ ਦੇਰ ਦੇ ਗੁੱਸੇ ਦੇ ਬਾਦ ਸਾਰੇ ਵਾਪਸ ਚਲੇ ਗਏ ਸਨ। ਮੀਕੂ ਭੇੜੀਏ ਨੇ ਸਭ ਦੇ ਚਲੇ ਜਾਣ ਦੇ ਬਾਦ ਆਪਣੇ ਬੇਟੇ ਬੰਟੀ ਭੇੜੀਏ ਨੂੰ ਖੂਬ ਝਿੜਕਿਆ। ਉਸ ਨੂੰ ਇਸ ਘਟਨਾ

ਨਾਲ ਬਹੁਤ ਦੁੱਖ ਹੋਇਆ ਸੀ। ਅਜਿਹੀ ਘਟਨਾ ਤਾਂ ਉਸ ਦੇ ਜੀਵਨ ਵਿੱਚ ਕਦੇ ਨਹੀਂ ਘਟੀ ਸੀ। ਜੰਗਲ ਬਸਤੀ ਵਿੱਚ ਸਾਰਿਆਂ ਨਾਲ ਚੰਗਾ ਵਿਵਹਾਰ ਸੀ।ਬੱਚਿਆਂ ਦੀ ਲੜਾਈ ਦੇ ਕਾਰਣ ਉਸ ਨੇ ਪੁਰਾਣਾ ਵਿਵਹਾਰ ਤੋੜਨਾ ਉਚਿਤ ਨਹੀਂ ਸਮਝਿਆ ਸੀ।

ਫਿਰ ਕੁਝ ਦਿਨ ਬਾਅਦ ਸਭ ਕੁਝ ਠੀਕ ਹੋ ਗਿਆ। ਬੱਚੇ ਮਨ ਦੀ ਮੈਲ ਭੁੱਲ ਕੇ ਇੱਕ-ਮਿਕ ਹੋ ਗਏ ਸਨ। ਆਪਸੀ ਭਾਈਚਾਰੇ ਅਤੇ ਪ੍ਰੇਮ ਦਾ ਵਾਤਾਵਰਣ ਪੂਰੀ ਜੰਗਲ-ਬਸਤੀ ਵਿੱਚ ਛਾਇਆ ਹੋਇਆ ਸੀ। ਭੇਦਭਾਵ ਵਰਗੀ ਕੋਈ ਗੱਲ ਨਹੀਂ ਸੀ।

ਫਿਰ ਜੰਗਲ ਵਿੱਚ ਹੋਣ ਵਾਲੇ ਦੰਗੇ, ਆਗਜਨੀ ਅਤੇ ਲੁੱਟਮਾਰ ਨਾਲ ਮੀਕੂ ਭੇੜੀਏ ਦੇ ਮਨ ਵਿੱਚ ਸ਼ੱਕ ਉਭਰ ਆਇਆ ਸੀ। ਹਾਲਾਂਕਿ ਕਿਸੇ ਨੇ ਉਸ ਨੂੰ ਕੁਝ ਨਹੀਂ ਕਿਹਾ ਸੀ। ਫਿਰ ਵੀ ਉਸ ਨੂੰ ਡਰ ਲੱਗਣ ਲੱਗਾ ਸੀ। ਇਸ ਜੰਗਲ-ਬਸਤੀ ਵਿੱਚ ਕੇਵਲ ਇਕ ਹੀ ਤਾਂ ਭੇੜੀਆ ਪਰਿਵਾਰ ਸੀ। ਆਖਿਰ ਇਕ ਦਿਨ ਉਸ ਨੇ ਜੰਗਲ ਬਸਤੀ ਛੱਡ ਦੇਣ ਦਾ ਵਿਚਾਰ ਕਰ ਲਿਆ। ਸੋਚਿਆ ਜਿਥੇ ਜ਼ਿਆਦਾ ਤੋਂ ਜ਼ਿਆਦਾ ਭੇੜੀਏ ਪਰਿਵਾਰ ਹੋਣਗੇ ਉਥੇ ਜਾ ਕੇ ਵੱਸ ਜਾਵਾਂਗਾ।

ਉਸ ਦੀ ਇਸ ਭਾਵਨਾ ਨੂੰ ਜੰਗਲ ਦੇ ਨੇਤਾਵਾਂ ਦੇ ਭੜਕੀਲੇ ਭਾਸ਼ਣਾਂ, ਅਫਵਾਹਾਂ ਅਤੇ 'ਜੰਗਲ-ਦੂਰਦਰਸ਼ਨ' ਚੈਨਲਾਂ ਤੇ ਪ੍ਰਸਾਰਿਤ ਘਟਨਾਵਾਂ ਤੋਂ ਵੀ ਬਲ ਮਿਲਿਆ। ਭੇੜੀਆ ਸਮੁਦਾਇ ਅਤੇ ਕੁੱਤਾ ਸਮੁਦਾਇ ਨੂੰ ਇਕ-ਦੂਸਰੇ ਦੇ ਖਿਲਾਫ ਭੜਕਾਇਆ ਜਾਣ ਲੱਗਾ ਸੀ।

ਇਕ ਦਿਨ ਮੀਕੂ ਭੇੜੀਏ ਨੇ ਇਕ ਟਰੱਕ ਮੰਗਵਾ ਕੇ ਜ਼ਰੂਰੀ ਸਮਾਨ ਉਸ ਵਿੱਚ ਭਰ ਲਿਆ ਅਤੇ ਆਪਣੇ ਪਰਿਵਾਰ ਦੇ ਨਾਲ ਰਾਤ ਨੂੰ ਹੀ ਜੰਗਲ ਬਸਤੀ ਛੱਡ ਦੇਣ ਦਾ ਫੈਸਲਾ ਕਰ ਲਿਆ।

ਪ੍ਰੰਤੂ ਉਹਨਾਂ ਦੇ ਬਸਤੀ ਛੱਡਣ ਤੋਂ ਪਹਿਲਾਂ ਹੀ ਇਸ ਦੀ ਭਣਕ ਜੰਗਲ ਦੇ ਬਾਕੀ ਜਾਨਵਰਾਂ ਨੂੰ ਲੱਗ ਗਈ ਸੀ। ਗੱਲ ਸਾਰੀ ਜੰਗਲ ਬਸਤੀ ਵਿੱਚ ਫੈਲ ਗਈ। ਵੇਖਦੇ ਹੀ ਵੇਖਦੇ ਟੌਮੀ ਕੁੱਤਾ ਆਪਣੇ ਸਾਥੀਆਂ ਦੇ ਨਾਲ ਮੀਕੂ ਭੇੜੀਏ ਦੇ ਘਰ ਪਹੁੰਚ ਗਿਆ। ਬੰਟੀ ਬਾਂਦਰ, ਚਿੰਕੂ ਹਿਰਨ, ਜੰਪੀ ਜਿਰਾਫ਼,



ਜੰਬੋ ਹਾਥੀ, ਬਰਾਉਨੀ ਭਾਲੂ, ਲਾਲੀ ਮੋਰਨੀ, ਭੂਰੀ ਬੱਕਰੀ ਆਦਿ ਜਾਨਵਰ ਵੀ ਉਥੇ ਆ ਪਹੁੰਚੇ।



ਮੀਕੂ ਭੇੜੀਏ ਦਾ ਪਰਿਵਾਰ ਕਿਸੇ ਅਣਹੋਣੀ ਦੀ ਅਸ਼ੰਕਾ ਨਾਲ ਕੰਬ ਉਠਿਆ। ਤਦ ਜਾਨਵਰਾਂ ਦੀ ਭੀੜ ਵਿਚੋਂ ਟੌਮੀ ਕੁੱਤਾ ਅਗੇ ਆ ਕੇ ਬੋਲਿਆ – ਇਹ ਕੀ ਕਰ ਰਹੇ ਹੋ ਮੀਕੂ ਚਾਚਾ। ਇਸ ਤਰ੍ਹਾਂ ਕਿਥੇ ਅਤੇ ਕਿਉਂ ਭੱਜ ਰਹੇ ਹੋ? ਪੀੜੀਆਂ ਦੇ ਮੇਲ-ਮਿਲਾਪ ਨੂੰ ਇੰਝ ਤੋੜ ਕੇ ਕਿਉਂ ਜਾ ਰਹੇ ਹੋ? ਕੀ ਤੁਹਾਨੂੰ ਕਿਸੇ ਜਾਨਵਰ ਨੇ ਕੁਝ ਕਿਹਾ ਹੈ? ਕੀ ਤੁਹਾਡੀਆਂ ਭਾਵਨਾਵਾਂ ਨੂੰ ਕਿਸੇ ਨੇ ਠੇਸ ਪਹੁੰਚਾਈ ਹੈ? ਜੋ ਤੁਸੀਂ ਇਹ ਕਦਮ ਉਠਾਇਆ ......।

ਟੌਮੀ ਭਾਈ! ਅਜਿਹਾ ਕੁਝ ਵੀ ਨਹੀਂ ਹੋਇਆ। ਪ੍ਰੰਤੂ ਜੰਗਲ ਦੇ ਹਾਲਾਤ ਵੇਖਦੇ ਹੋਏ ਅਸੀਂ ਇਹ ਬਸਤੀ ਛੱਡ ਦੇਣਾ ਹੀ ਉਚਿੱਤ ਸਮਝਿਆ ਹੈ। ਸਾਡਾ ਇੱਕਲਾ ਪਰਿਵਾਰ ਹੈ...... ਮੀਕੂ ਭੇੜੀਏ ਨੇ ਸਮਝਾਉਂਦੇ ਹੋਏ ਕਿਹਾ।

– ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਾਡੇ ਜਾਨਵਰਾਂ ਤੇ ਤੁਹਾਡਾ ਵਿਸ਼ਵਾਸ਼ ਹੀ ਨਹੀਂ ਰਿਹਾ। ਇਹ ਆਦਮੀ ਦੀ ਬਣਾਈ ਸਵਾਰਥੀ ਦੁਨੀਆਂ ਨਹੀਂ ਹੈ ਜੋ ਛੋਟੇ-ਛੋਟੇ ਸਵਾਰਥਾਂ ਦੀ ਖਾਤਿਰ ਦੰਗਾ-ਫਸਾਦ ਤੇ ਉਤਰ ਆਉਂਦੀ ਹੈ। ਰਾਸ਼ਟਰੀ ਸੰਪਤੀ ਦਾ ਨੁਕਸਾਨ ਕਰਦੀ ਹੈ। ਮੀਕੂ ਚਾਚਾ, ਕੀ ਤੂੰ ਸਾਨੂੰ ਬੇਗਾਨਾ ਸਮਝਿਆ ਹੈ। ਦੂਸਰੇ ਜੰਗਲਾਂ ਦੇ ਮਾਹੌਲ ਤੋਂ ਅਸੀਂ ਕੀ ਲੈਣਾ। ਅਸੀਂ ਤਾਂ ਇਸ ਜੰਗਲ ਬਸਤੀ ਵਿੱਚ ਪਲੇ ਹਾਂ ਅਤੇ ਭਾਈ-ਭਾਈ ਦੀ ਤਰ੍ਹਾਂ ਰਹਿ ਰਹੇ ਹਾਂ। ਅਗੇ ਵੀ ਮਿਲਜੁਲ ਕੇ ਰਹਾਂਗੇ। ਤੂੰ ਇੰਝ ਕਿਵੇਂ ਸੋਚ ਲਿਆ ਕਿ ਅਸੀਂ ਬੇਗਾਨੇ ਹਾਂ? ਸਾਡੇ ਹੁੰਦੇ ਹੋਏ ਤੁਹਾਡੇ ਤੇ ਕੋਈ ਆਂਚ ਨਹੀਂ ਆਏਗੀ ਚਾਚਾ! ਪਹਿਲਾਂ ਸਾਡਾ ਖ਼ੂਨ ਡੁੱਲ੍ਹੇਗਾ ਉਸ ਦੇ ਬਾਅਦ ਹੀ ਕੋਈ ਤੁਹਾਡੇ ਪਰਿਵਾਰ ਵੱਲ ਅੱਖ ਚੁੱਕ ਕੇ ਵੇਖ ਸਕੇਗਾ। – ਟੌਮੀ ਕੁੱਤੇ ਨੇ ਕਿਹਾ ਤਾਂ ਸਾਰੇ ਜਾਨਵਰਾਂ ਨੇ ਉਸ ਦੀ ਗੱਲ ਦੀ ਹਾਮੀ ਭਰੀ।

– ਅਸੀਂ ਤੁਹਾਨੂੰ ਨਹੀਂ ਜਾਣ ਦੇਵਾਂਗੇ ਮੀਕੂ ਚਾਚਾ! – ਟੌਮੀ ਕੁੱਤੇ ਨੇ ਦ੍ਰਿੜਤਾ ਨਾਲ ਕਿਹਾ।


– ਹਾਂ, ਮੀਕੂ ਚਾਚਾ! ਅਸੀਂ ਨਹੀਂ ਜਾਣ ਦੇਵਾਂਗੇ। ਤੁਹਾਡੇ ਜਾਣ ਨਾਲ ਤਾਂ ਬਸਤੀ ਤੇ ਇੱਕ ਧੱਬਾ ਲੱਗ ਜਾਵੇਗਾ।– ਇਕੋ ਵਾਰ ਕਈ ਜਾਨਵਰਾਂ ਨੇ ਕਿਹਾ।

ਮੀਕੂ ਭੇੜੀਏ ਦਾ ਗਲਾ ਭਰ ਆਇਆ। ਉਸ ਦੀਆਂ ਅਤੇ ਉਸ ਦੇ ਪਰਿਵਾਰ ਦੀਆਂ ਅੱਖਾਂ ਖੁਸ਼ੀ ਨਾਲ ਭਰ ਗਈਆਂ। ਉਸ ਦੇ ਮਨ ਦਾ ਸ਼ੱਕ ਜੰਗਲ ਬਸਤੀ ਦੇ ਜਾਨਵਰਾਂ ਦੇ ਪਿਆਰ ਨਾਲ ਦੂਰ ਹੋ ਗਿਆ।

– ਮੈਨੂੰ ਮਾਫ਼ ਕਰ ਦਿਉ ਭਾਈ! ਹੁਣ ਅਸੀਂ ਕਿਤੇ ਨਹੀਂ ਜਾਵਾਂਗੇ। ਕਦੇ ਵੀ ਨਹੀਂ। -ਮੀਕੂ ਭੇੜੀਏ ਨੇ ਕਿਹਾ। ਸਾਰੇ ਜਾਨਵਰਾਂ ਦੇ ਚਿਹਰੇ ਖੁਸ਼ੀ ਨਾਲ ਖਿੜ ਉਠੇ। ਉਹਨਾਂ ਨੇ ਮੀਕੂ ਭੇੜੀਏ ਨੂੰ ਜੰਗਲ ਬਸਤੀ ਛੱਡਣ ਤੋਂ ਰੋਕ ਲਿਆ ਸੀ। ■

ਬਾਲ ਕਵਿਤਾ - ਭੁਪਿੰਦਰ ਸਿੰਘ ਆਸ਼ਟ

# ਕਤੂਰਾ
## (ਕੁੱਤੇ ਦਾ ਬੱਚਾ)



ਮੋਟਾ ਡਾਢਾ ਇਕ ਕਤੂਰਾ।
ਫਿਰਦਾ ਚੁੱਕੀ ਸਾਡਾ ਭੂਰਾ।

ਮਾਂ ਘੁਰਨੇ ਤੋਂ ਪਰਾਂ ਹੋਈ ਜਦ,
ਚੁੱਕ ਲਿਆ ਸੀ ਭੂਰੇ ਨੇ ਤਦ।

ਫੁਰਤੀ ਨਾਲ ਉਹ ਵਾਪਸ ਆਇਆ,
ਮਾਂ ਨੂੰ ਦੇ ਕੇ ਵਾਜ ਬੁਲਾਇਆ।


ਕਹਿੰਦਾ ਦੇਖੋ ਕਿਨ੍ਹਾਂ ਪਿਆਰਾ,
ਆਪਣੀ ਮਾਂ ਦੀ ਅੱਖ ਦਾ ਤਾਰਾ।

ਖੇਡ-ਖੁਡ ਕੇ ਮਨ ਪ੍ਰਚਾਇਆ,
ਫੇਰ ਉਹਨੂੰ ਘੁਰਨੇ ਛੱਡ ਆਇਆ।

ਜੇਕਰ ਮਾਂ ਦਾ ਦੁੱਧ ਪੀਵੇਗਾ,
ਤਾਹੀਉਂ ਇਹ ਮਾਸੂਮ ਜੀਵੇਗਾ।

ਇਹਨੇ ਵੱਡਾ ਬਣਦਿਆਂ ਸਾਰ,
ਬਣ ਜਾਣਾ ਘਰ ਦਾ ਪਹਿਰੇਦਾਰ।

ਰਹੂ ਹਮੇਸ਼ਾ ਟੱਬਰ ਨਾਲ,
ਵਫਾਦਾਰੀ ਦੀ ਬਣੂ ਮਿਸਾਲ।




ਕਹਾਣੀ - ਅਮਨਪ੍ਰੀਤ ਸਿੰਘ (ਕਾਈਨੌਰ)

# ਖਰਗੋਸ਼ ਅਤੇ ਹਾਥੀ

ਇਕ ਜੰਗਲ ਵਿਚ ਇਕ ਨਦੀ ਵਗਦੀ ਸੀ। ਨਦੀ ਤੋਂ ਥੋੜੀ ਹੀ ਦੂਰ ਇਕ ਦਰਖਤ ਥੱਲੇ ਖਰਗੋਸ਼ ਦੇ ਕਾਫੀ ਘੁਰਨੇ ਸਨ। ਉਹਨਾਂ ਵਿਚ ਬਹੁਤ ਸਾਰੇ ਖਰਗੋਸ਼ ਅਤੇ ਉਹਨਾਂ ਦੇ ਬੱਚੇ ਰਹਿੰਦੇ ਸਨ। ਜਿੱਥੇ ਖਰਗੋਸ਼ ਰਹਿੰਦੇ ਸਨ ਉਹੀ ਰਸਤਾ ਨਦੀ ਵਲ ਨੂੰ ਜਾਂਦਾ ਸੀ। ਸਾਰੇ ਖਰਗੋਸ਼ ਖੁਸ਼ੀ-ਖੁਸ਼ੀ ਰਹਿ ਰਹੇ ਸਨ ਅਤੇ ਇੱਧਰ ਉਧਰ ਨੱਚਦੇ ਟੱਪਦੇ ਫਿਰਦੇ ਰਹਿੰਦੇ ਸਨ।

ਇਕ ਦਿਨ ਨਦੀ ਤੋਂ ਪਾਣੀ ਪੀਣ ਲਈ ਹਾਥੀਆਂ ਦਾ ਝੁੰਡ ਉਸ ਰਸਤੇ ਆ ਰਿਹਾ ਸੀ। ਨਦੀ ਤਕ ਬਸ ਉਹੀ ਰਸਤਾ ਸੀ। ਹਾਥੀ ਬਹੁਤ ਤੇਜੀ ਅਤੇ ਮਸਤੀ ਨਾਲ ਆ ਰਹੇ ਸਨ। ਇਸ ਤੋਂ ਪਹਿਲਾਂ ਕਿ ਖਰਗੋਸ਼ ਉਹਨਾ ਨੂੰ ਕੁਝ ਕਹਿੰਦੇ ਹਾਥੀਆਂ ਨੇ ਪੈਰਾਂ ਨਾਲ ਉਹਨਾਂ ਦੇ ਘੁਰਨੇ ਨਸ਼ਟ ਕਰ ਦਿੱਤੇ। ਜਿਸ ਕਾਰਨ ਕਾਫੀ ਖਰਗੋਸ਼ ਜਖਮੀ ਹੋਏ ਅਤੇ ਮਰ ਗਏ। ਸਾਰੇ ਇਧਰ ਉਧਰ ਭੱਜ ਰਹੇ ਸਨ। ਖਰਗੋਸ਼ਾਂ ਦਾ ਬਹੁਤ ਨੁਕਸਾਨ ਹੋ ਗਿਆ ਸੀ। ਖਰਗੋਸ਼ਾਂ ਦੇ ਰਾਜੇ ਨੇ ਕਿਹਾ ਕਿ ਸਾਡਾ ਬਹੁਤ ਨੁਕਸਾਨ ਹੋ ਗਿਆ ਹੈ ਹੁਣ ਸਾਨੂੰ ਹਾਥੀਆਂ ਨੂੰ ਰੋਕਣਾ ਪਵੇਗਾ। ਸਾਰੇ ਹਾਥੀ ਪਾਣੀ ਪੀ ਕੇ ਫਿਰ



ਵਾਪਸ ਆ ਰਹੇ ਸਨ। ਖਰਗੋਸ਼ਾਂ ਦੇ ਰਾਜੇ ਨੇ ਹਾਥੀਆਂ ਦੇ ਰਾਜੇ ਨੂੰ ਕਿਹਾ – ਹੇ ਮਹਾਰਾਜ ! ਆਪ ਦੇ ਪੈਰਾਂ ਨਾਲ ਸਾਡੇ ਬਹੁਤ ਖਰਗੋਸ਼ ਜ਼ਖਮੀ ਹੋ ਗਏ ਹਨ, ਮਰ ਗਏ ਹਨ ਅਤੇ ਸਾਡੇ ਘੁਰਨੇ ਵੀ ਨਸ਼ਟ ਹੋ ਗਏ ਹਨ। ਇਸ ਲਈ ਆਪ ਜੀ ਹੁਣ ਇਸ ਰਸਤਿਉਂ ਨਾ ਲੰਘੋ ! ਨਹੀਂ ਤਾਂ ਸਾਡੇ ਬਚੇ ਹੋਏ ਬਾਕੀ ਭਰਾ ਵੀ ਖਤਮ ਹੋ ਜਾਣਗੇ। ਹਾਥੀਆਂ ਦੇ ਰਾਜੇ ਨੇ ਉਸਦੀ ਗੱਲ ਮੰਨ ਲਈ। ਖਰਗੋਸ਼ਾਂ ਦੇ ਰਾਜੇ ਨੇ ਕਿਹਾ ਕਿ ਕਦੇ ਅਸੀਂ ਵੀ ਤੁਹਾਡੀ ਮਦਦ ਕਰਾਂਗੇ। ਹਾਥੀ ਹੱਸਣ ਲੱਗੇ ਕਿ ਇਹ ਛੋਟੇ ਜਾਨਵਰ ਸਾਡੀ ਕੀ ਮਦਦ ਕਰਨਗੇ। ਸਾਰੇ ਹਾਥੀ ਹੱਸਦੇ ਹੋਏ ਨਦੀ ਪਾਰ ਕਰਕੇ ਅੱਗੇ ਲੰਘ ਗਏ।

ਕਾਫੀ ਦਿਨ ਲੰਘੇ। ਇੱਕ ਦਿਨ ਜੰਗਲ ਵਿੱਚ ਸ਼ਿਕਾਰੀਆਂ ਨੇ ਜਾਲ ਫੈਲਾ ਦਿੱਤਾ ਜਿਸ ਵਿਚ ਬਹੁਤ ਸਾਰੇ ਹਾਥੀ ਫਸ ਗਏ। ਉਹ ਜੋਰ ਮਾਰਦੇ ਪਰ ਉਹ ਜਾਲ ਵਿਚ ਹੋਰ ਉਲਝ ਜਾਂਦੇ। ਹਾਥੀ ਬਹੁਤ ਸ਼ੋਰ ਮਚਾਉਣ ਲੱਗੇ। ਉਹਨਾਂ ਦੀ ਅਵਾਜ਼ ਸੁਣ ਕੇ ਸਾਰੇ ਖਰਗੋਸ਼ ਆ ਗਏ। ਖਰਗੋਸ਼ਾਂ ਨੇ ਹਾਥੀਆਂ ਨੂੰ ਜਾਲ ਵਿਚ ਫਸੇ ਵੇਖਿਆ। ਹਾਥੀਆਂ ਦੇ ਰਾਜੇ ਨੇ ਉਹਨਾਂ ਨੂੰ ਮਦਦ ਲਈ ਕਿਹਾ। ਖਰਗੋਸ਼ਾਂ ਨੇ ਬਿਨਾ ਦੇਰੀ ਕੀਤੇ ਆਪਣੇ ਤਿੱਖੇ ਦੰਦਾਂ ਨਾਲ ਜਾਲ ਕੱਟਣਾ ਸ਼ੁਰੂ ਕਰ ਦਿੱਤਾ। ਕੁਝ ਹੀ ਦੇਰ ਵਿਚ ਸਾਰਾ ਜਾਲ ਕੱਟਿਆ ਗਿਆ ਅਤੇ ਸਾਰੇ ਹਾਥੀ ਆਜ਼ਾਦ ਹੋ ਗਏ। ਉਹਨਾਂ ਨੇ ਖਰਗੋਸ਼ਾਂ ਦਾ ਬਹੁਤ ਧੰਨਵਾਦ ਕੀਤਾ ਅਤੇ ਜੋ ਹਾਥੀ ਉਹਨਾਂ ਤੇ ਹੱਸੇ ਸਨ ਉਹਨਾਂ ਨੇ ਖਰਗੋਸ਼ਾਂ ਤੋਂ ਮਾਫੀ ਮੰਗੀ।

ਪਿਆਰੇ ਬੱਚਿਉ ! ਪਰਮਾਤਮਾ ਨੇ ਸਭ ਨੂੰ ਸੋਚ ਸਮਝ ਕੇ ਬਣਾਇਆ ਹੈ। ਇਸ ਲਈ ਕੋਈ ਵੱਡਾ ਜਾਂ ਛੋਟਾ ਨਹੀਂ ਹੈ। ਸਾਨੂੰ ਕਿਸੇ ਦਾ ਵੀ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਸਭ ਨਾਲ ਪਿਆਰ ਕਰਨਾ ਚਾਹੀਦਾ ਹੈ।

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਏਸ਼ੀਆ 2) ਪਰਸ਼ੀਆ 3) ਅਸਮੀਆ 4) ਅਨੁਸੂਆ
5) ਕਾਲੀਆ 6) ਮੰਗੋਲੀਆ 7) ਕਾਰਨੀਆ
8) ਇੰਡੋਨੇਸ਼ੀਆ 9) ਭਾਨੂ ਅਥੈਈਆ 10) ਆਸਟ੍ਰੇਲੀਆ
11) ਮਹਾਮਾਇਆ 12) ਅਲਬਾਨੀਆ 13) ਨਾਈਜ਼ੀਰੀਆ
14) ਰੁਪਿਆ 15) ਅਯੁਧਿਆ।

❒ ਨਿਰਮਲ ਪ੍ਰੇਮੀ

# ਖ਼ੂਬਸੂਰਤੀ ਦੀ ਮਿਸਾਲ
# ਬਰਲਿਨ ਸ਼ਹਿਰ

ਬਰਲਿਨ ਜਰਮਨੀ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਸ਼ਹਿਰ ਦੀ ਸੰਰਚਨਾ ਸੁਪ੍ਰਸਿੱਧ ਫਿਲਪਿਸ ਜੌਨਸਨ ਰੇਨਜੋਪਿਆਨੋ ਅਤੇ ਨਾਰਮਨ ਫਾਸਟਰ ਨੇ ਕੀਤੀ ਹੈ। ਇਹ ਆਧੁਨਿਕ ਸਹੂਲਤਾਂ ਨਾਲ ਭਰਪੂਰ ਹੈ। ਇਥੇ ਕਲਾ ਦੀ ਵਿਲੱਖਣ ਕਲਾਕਾਰੀ ਹੈ।

ਇੱਥੋਂ ਦੇ ਟਾਪਰ ਗਾਰਡਨ ਵਿਚ ਅਨੇਕ ਦੁਰਲੱਭ ਪਸ਼ੂ ਪੰਛੀਆਂ ਨੂੰ ਦੇਖ ਕੇ ਇੱਥੇ ਆਉਣ ਵਾਲਿਆਂ ਦਾ ਮਨ ਖੁਸ਼ ਹੋ ਜਾਂਦਾ ਹੈ। ਟਵੇਲ ਨਦੀ ਦੇ ਕੰਢੇ ਸਥਿਤ ਗ੍ਰੇਨਵਾਲ ਦੇ ਰਾਜਪਥ ਤੇ ਉਲੰਪਿਕ ਸਟੇਡਿਅਮ ਹੈ ਜੋ ਸਾਲ 1936 ਦੇ ਵਿਸ਼ਵ ਖੇਡ ਮੁਕਾਬਲਿਆਂ ਲਈ ਬਣਾਇਆ ਗਿਆ ਸੀ। ਇਸ ਸਟੇਡਿਅਮ ਵਿਚ ਹਜ਼ਾਰਾਂ ਨਹੀਂ ਬਲਕਿ ਲੱਖਾਂ ਲੋਕਾਂ ਦੇ ਬੈਠਣ ਦੀ ਜਗ੍ਹਾ ਹੈ। ਇਸ ਵਿਚ ਹੋਟਲ, ਅਰਾਮ ਘਰ, ਲਾਇਬਰੇਰੀ ਜਿਹੀਆਂ ਅਨੇਕਾਂ ਸਹੂਲਤਾਂ ਹਨ। ਰੇਚਸਟੈਂਗ ਕਿਸੇ ਵੀ ਸੈਲਾਨੀ ਦਾ ਕੇਂਦਰ ਬਿੰਦੂ ਹੈ।

ਇਥੇ ਆਉਣ ਵਾਲੇ ਯਾਤਰੀ ਜਰਮਨ ਸੰਸਦ ਨੂੰ ਹਰੇਕ ਕੋਨੇ ਤੋਂ ਵੇਖਣ ਲਈ ਆਪਣੀ ਥਾਂ ਸੁਰੱਖਿਅਤ ਕਰ ਲੈਂਦੇ ਹਨ। ਇਹ ਇਕ ਇਤਿਹਾਸਕ ਭਵਨ ਹੈ। ਇਸ ਦੇ ਗੁੰਬਦ ਦੀ ਬਣਾਵਟ ਦੇਖਣਯੋਗ ਹੈ। ਇਸ ਦੇ ਵਿਲੱਖਣ ਗੁੰਬਦ ਤਕ ਜਾਣ ਲਈ ਘੁਮਾਵਦਾਰ ਪੌੜੀਆਂ ਹਨ, ਜਿਥੋਂ ਯਾਤਰੀ ਥੱਲੇ ਸੰਸਦ ਦੇ ਮੈਂਬਰਾਂ ਨੂੰ ਦੇਖਦੇ ਹੋਏ ਸ਼ਹਿਰ ਦਾ ਨਜ਼ਾਰਾ ਵੀ ਮਾਣ ਸਕਦੇ ਹਨ। ਫਲੋ ਮਾਰਕੀਟ, ਬਾਂਡੇਨਬਰਗ ਗੇਟ ਵੀ ਦੇਖਣਯੋਗ ਹੈ। ਇਥੇ ਨਾਜ਼ੀ ਤਾਨਾਸ਼ਾਹ ਹਿਟਲਰ ਦੇ ਅਵਸ਼ੇਸ਼ ਵੀ ਆਸਾਨੀ ਨਾਲ ਦ੍ਰਿਸ਼ਟੀਗੁਚਰ ਹੁੰਦੇ ਹਨ। ਇਹਨਾਂ ਨੂੰ ਨਾਜ਼ੀ ਸਮਾਧੀ ਦੇ ਰੂਪ ਵਿਚ ਵੀ ਜਾਣਿਆ ਜਾਂਦਾ ਹੈ। ਮਾਰਟਿਨ ਗੋਵਿਅਰਸ ਕਲਾ ਮਿਊਜ਼ਿਅਮ ਤੇ ਵੀ ਯਾਤਰੀਆਂ ਦੀ ਭੀੜ ਲੱਗੀ ਰਹਿੰਦੀ ਹੈ।

ਬਰਲਿਨ ਵਿਚ ਵੱਖ-ਵੱਖ ਪ੍ਰਕਾਰ ਦੇ ਮਿਊਜ਼ੀਅਮਾਂ ਦੀ ਭਰਮਾਰ ਹੈ। ਪੇਰਾਗਮਨ ਮਿਊਜ਼ੀਅਮ ਵਿ ਚ ਪੁਰਾਤਨ ਅਸਾਧਾਰਣ ਕਲਾਕ੍ਰਿਤੀਆਂ ਦੀਆਂ ਵਸਤੂਆਂ ਰੱਖੀਆਂ ਹੋਈਆਂ ਹਨ। ਇਹ ਇੱਥੋਂ ਦਾ ਮਸ਼ਹੂਰ ਮਿਊਜ਼ੀਅਮ ਹੈ ਜਿੱਥੇ ਇਕ ਸਾਲ ਵਿਚ ਤਕਰੀਬਨ 6 ਲੱਖ ਯਾਤਰੀ ਆਉਂਦੇ ਹਨ। ਇਸ ਮਿਊਜ਼ੀਅਮ ਦੀ ਗਿਣਤੀ ਰਾਜ ਮਿਊਜ਼ਿਅਮ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਸ ਮਿਊਜ਼ੀਅਮ ਵਿਚ ਹੀ ਇਸਲਾਮਿਕ ਕਲਾ ਅਤੇ ਪੂਰਵੀ ਕਲਾ ਦਾ ਵੀ ਅਦਭੁਤ ਸੰਗ੍ਰਹਿ ਹੈ। ਦਿਨ ਵਿਚ ਜਿੱਥੇ ਸ਼ਹਿਰ ਦਾ ਆਨੰਦ ਲਿਆ ਜਾ ਸਕਦਾ ਹੈ ਉਥੇ ਹੀ ਰਾਤ ਵਿਚ ਮਧੁਰ ਗੰਭੀਰ ਗੀਤ ਸੰਗੀਤ ਦਾ ਰਸ ਵੀ ਮਾਣਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਵਿਸ਼ਵ ਪ੍ਰਸਿੱਧ ਆਰਕੈਸਟਰਾ ਦਾ ਆਨੰਦ ਵੀ ਲਿਆ ਜਾ ਸਕਦਾ ਹੈ।

ਵਰਤਮਾਨ ਵਿਚ ਬਰਲਿਨ ਵਿਚ ਪਾਕ – ਪ੍ਰਣਾਲੀ ਵਿਕਸਿਤ ਹੋ ਚੁੱਕੀ ਹੈ ਇਸ ਲਈ ਇਸ ਨੂੰ ਪਾਕ ਵਿਦਿਆ ਦਾ ਸਵਰਗ ਵੀ ਕਿਹਾ ਜਾਂਦਾ ਹੈ। ਰਾਤ ਵੇਲੇ ਸੜਕਾਂ ਦੇ ਦੋਵੇਂ ਪਾਸੇ ਰੰਗ ਬਿਰੰਗਾ ਪ੍ਰਕਾਸ਼ ਬੜਾ ਹੀ ਖ਼ੂਬਸੂਰਤ ਲੱਗਦਾ ਹੈ। ਗੱਲ ਕੀ, ਬਰਲਿਨ ਬਹੁਤ ਹੀ ਖ਼ੂਬਸੂਰਤ ਦੇਖਣਯੋਗ ਸ਼ਹਿਰ ਹੈ। ■



ਕਵਿਤਾ

❒ ਹਰਿੰਦਰ ਸਿੰਘ ਗੋਗਨਾ

# ਆਉ ਬੱਦਲੋ



ਆਉ ਬੱਦਲੋ, ਆਉ ਬੱਦਲੋ।
ਧਰਤੀ ਸੀਨੇ ਠੰਡ ਪਾਉ ਬੱਦਲੋ।

ਗਰਮੀ ਨਾ ਹੁਣ ਜਾਏ ਸਹਾਰੀ।
ਲੂ ਬਣੀ ਹੈ ਆਫਤ ਭਾਰੀ।

ਬਿਜਲੀ ਵੀ ਹੈ ਬੜਾ ਸਤਾਉਂਦੀ।
ਕਦੇ ਹੈ ਜਾਂਦੀ ਕਦੇ ਹੈ ਆਉਂਦੀ।

ਰੁੱਖ ਬੂਟੇ ਮੁਰਝਾਏ ਸਾਰੇ।
ਜੀਵਨ ਇਹਨਾਂ ਦਾ ਪਾਣੀ ਸਹਾਰੇ।

ਜੇ ਹੁਣ ਵੀ ਨਾ ਵਰੇ ਬੱਦਲੋ।
ਏਦਾਂ ਹੀ ਰਹੇ ਪਰੇ ਬੱਦਲੋ।

ਮੱਚ ਜਾਏਗੀ ਹਾਹਾਕਾਰ।
ਜੀਣਾ ਹੋ ਜਾਣਾ ਦੁਸ਼ਵਾਰ।

ਥੋੜਾ ਤਰਸ ਤਾਂ ਖਾਉ ਬੱਦਲੋ।
ਆਉ ਬੱਦਲੋ, ਆਉ ਬੱਦਲੋ।

ਲੇਖ : ਅਰਚਨਾ ਜੈਨ

# ਕੁਦਰਤ ਦੇ ਹੈਰਾਨੀਜਨਕ ਨਜ਼ਾਰੇ ...

ਕੁਦਰਤ ਦੇ ਰਾਜ ਵੀ ਬੜੇ ਨਿਰਾਲੇ ਹਨ, ਕਿਤੇ ਅੱਗ ਉਗਲਦੇ ਸਦੀਆਂ ਪੁਰਾਣੇ ਕੁੰਡ ਹਨ ਤਾਂ ਕਿਤੇ ਪਰਬਤਾਂ ਤੋਂ ਵਗਦੇ ਭੇਤ ਭਰੇ ਝਰਨੇ ਹਨ, ਪਰਬਤਾਂ ਦੇ ਗਰਭ ਵਿੱਚ ਪਾਣੀ ਕਿਥੋਂ ਆ ਕੇ ਫੁੱਟਦਾ ਹੈ ਅਤੇ ਕਿਵੇਂ ਮਨਮੋਹਕ ਝਰਨਿਆਂ ਵਿੱਚ ਤਬਦੀਲ ਹੋ ਜਾਂਦਾ ਹੈ? ਸ਼ਾਇਦ ਇਹ ਰਾਜ ਤਾਂ ਕੁਦਰਤ ਦੇ ਕੋਲ ਹੀ ਹੈ। ਅਤੇ ਹਾਂ, ਕੁਝ ਅਜਿਹੀਆਂ ਕੁਦਰਤੀ ਗੁਫਾਵਾਂ ਵੀ ਹਨ ਜਿਨ੍ਹਾਂ ਵਿੱਚ ਜਾ ਕੇ ਕੁਝ ਦਿਨ ਰਹਿਣ ਨਾਲ ਸਰੀਰ ਦੇ ਕਈ ਰੋਗ ਦੂਰ ਹੋ ਜਾਂਦੇ ਹਨ। ਅਜਿਹੀਆਂ ਜੜੀਆਂ-ਬੂਟੀਆਂ ਵੀ ਹਨ ਜੋ ਲੰਮੇ ਸਮੇਂ ਤਕ ਜਵਾਨੀ ਦਾ ਰੂਪ ਬਣਾਈ ਰੱਖਦੀਆਂ ਹਨ ਅਤੇ ਅਜਿਹੀਆਂ ਝੀਲਾਂ ਵੀ ਹਨ, ਜਿਨ੍ਹਾਂ ਦਾ ਪਾਣੀ ਰੰਗ-ਬਿਰੰਗਾ ਹੈ, ਖੈਰ.......।

ਆਪ ਨੂੰ ਜਾਣ ਕੇ ਹੈਰਾਨੀ ਹੋਏਗੀ। ਉੱਤਰੀ ਅਤੇ ਦੱਖਣੀ ਧਰੁਵ ਸੰਸਾਰ ਦੇ ਅਜਿਹੇ ਭੇਤ ਭਰੇ ਅਤੇ ਅਜੂਬੇ ਸਥਾਨ ਹਨ, ਜਿਥੇ ਗਰਮੀਆਂ ਦੇ ਮੌਸਮ ਵਿੱਚ ਸੂਰਜ ਕਦੇ ਨਹੀਂ ਢਲਦਾ। ਹਾਂ, ਇਹਨਾਂ ਸਥਾਨਾਂ ਤੇ ਸਦਾ ਦਿਨ ਜਿਹਾ ਰਹਿੰਦਾ ਹੈ। ਇਥੇ ਕੁਦਰਤ ਦਾ ਆਪਣਾ ਅਨੋਖਾ ਜਾਦੂ ਦਿਖਾਈ ਦਿੰਦਾ ਹੈ। ਧਰਤੀ ਆਪਣੇ ਧੁਰੇ ਤੇ ਥੋੜੀ ਤਿਰਸ਼ੀ ਟਿਕੀ ਹੋਈ ਹੈ ਅਤੇ ਸੂਰਜ ਦੀ ਪ੍ਰਿਕਰਮਾ ਕਰਦੀ ਹੈ। ਪ੍ਰਿਥਵੀ ਦੁਆਰਾ ਇਸ ਸਥਿਤੀ ਵਿੱਚ ਸੂਰਜ ਦੇ ਚਾਰੇ ਪਾਸੇ ਘੁੰਮਣ ਨਾਲ ਇਕ ਦਿਲਚਸਪ ਸਥਿਤੀ ਪੈਦਾ ਹੋ ਜਾਂਦੀ ਹੈ। ਗਰਮੀਆਂ ਦੇ ਵਿਚਕਾਰਲੇ ਮਹੀਨਿਆਂ ਵਿੱਚ ਇਥੇ ਸੂਰਜ ਦੀਆਂ ਕਿਰਣਾਂ ਜ਼ਿਆਦਾ ਘਾਤਕ ਹੋ ਜਾਂਦੀਆਂ ਹਨ ਅਤੇ ਸਰਦੀਆਂ ਦੇ ਵਿਚਕਾਰਲੇ ਮਹੀਨਿਆਂ ਵਿੱਚ ਇਥੇ ਕਦੇ ਸਵੇਰ ਨਹੀਂ ਹੁੰਦੀ ਹੈ।

ਅਤੇ, ਹਾਂ ਉੱਤਰੀ ਨਾਰਵੇ ਵਿੱਚ ਤਾਂ ਹਰ ਸਾਲ ਤਿੰਨ ਮਹੀਨੇ ਤਕ ਸੂਰਜ ਪੂਰਾ ਦਿਨ ਅਤੇ ਪੂਰੀ ਰਾਤ ਆਪਣੀ ਸੰਪੂਰਨ ਲਾਲੀ ਨਾਲ ਚਮਕਦਾ ਹੈ।


ਉੱਤਰੀ ਧਰੁਵ ਤੇ ਸਥਿਤ ਆਰਕਟਿਕ ਖੇਤਰ ਦੀ ਬਰਫ ਦੇ ਹੇਠਾਂ ਕੋਈ ਜ਼ਮੀਨ ਨਹੀਂ ਹੈ, ਇਹ ਮਾਤਰ ਇਕ ਬਰਫੀਲਾ ਉਭਰਾ ਹੋਇਆ ਹਿੱਸਾ ਹੈ, ਜੋ ਮਹਾਸਾਗਰ ਵਿੱਚ ਤੈਰਦਾ ਰਹਿੰਦਾ ਹੈ।

ਦੱਖਣੀ ਧਰੁਵ ਵਿੱਚ ਚਾਰੇ ਪਾਸੇ ਬਹੁਤ ਸਾਰੀ ਜ਼ਮੀਨ ਹੈ ਜਿਸ ਨੂੰ ਅਸੀਂ ਅੰਟਾਰਟਿਕ ਦੇ ਨਾਮ ਨਾਲ ਜਾਣਦੇ ਹਾਂ, ਦਰਅਸਲ ਇਹ ਇਕ ਬਹੁਤ ਵੱਡੇ ਮਹਾਂਦੀਪ ਤੋਂ ਵੀ ਕਾਫੀ ਵੱਡਾ ਹੈ।

ਕੁਦਰਤ ਦੇ ਹੈਰਾਨ ਕਰਨ ਵਾਲੇ ਨਜ਼ਾਰੇ, ਸਚਮੁਚ ਕੁਦਰਤ ਦੇ ਅਨਮੋਲ ਉਪਹਾਰ ਤੋਂ ਘੱਟ ਨਹੀਂ ਹਨ। ■



# ਰੰਗ ਭਰੋ



ਨਾਂ .................................................................... ਉਮਰ..........

ਪੂਰਾ ਪਤਾ.................................................................

..........................................................................

..........................................................................

# ਮਾਰਚ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਵਿਧਿਤ ਬਜਾਜ (ਉਮਰ 7 ਸਾਲ)
ਪਿੰਡ ਤੇ ਡਾਕਖਾਨਾ- ਖੁਸ਼ਹਾਲ ਪੁਰ
ਜਿਲਾ : ਗੁਰਦਾਸ ਪੁਰ (ਪੰਜਾਬ)

**ਦੂਸਰਾ ਨੰ :**

ਗੁਰਲੀਨ ਕੌਰ (ਉਮਰ 9 ਸਾਲ)
ਪਿੰਡ ਤੇ ਡਾਕਖਾਨਾ - ਡੱਫਰ
ਜਿਲਾ - ਹੁਸ਼ਿਆਰਪੁਰ (ਪੰਜਾਬ)

**ਤੀਸਰਾ ਨੰ :**

ਯਸ਼ਿਕਾ ਭੋਲਾ (ਉਮਰ 6 ਸਾਲ)
ਪਿੰਡ ਤੇ ਡਾਕਖਾਨਾ : ਡੇਰਾ ਬਾਬਾ ਨਾਨਕ
ਜਿਲਾ - ਗੁਰਦਾਸ ਪੁਰ (ਪੰਜਾਬ)

## ਪਸੰਦ ਕੀਤੇ ਗਏ -

ਸਰਬਜੀਤ ਕੌਰ (ਜਗਰਾਉ),
ਨਿਤਿਨ ਕੰਡਾ (ਤਲਵੰਡੀ ਭਾਈ),
ਏਕਤਾ (ਹਰੀਕੇ ਪਤਨ),
ਖੁਸ਼ਵੰਤ (ਬਰਨਾਲਾ),
ਕਿਰਨਦੀਪ (ਲੁਧਿਆਣਾ),
ਪ੍ਰੇਰਨਾ (ਬੇਦੀ ਨਗਰ),
ਗੁਰਪ੍ਰੀਤ (ਗਿੱਦੜਬਾਹਾ),
ਸਹਿਜਪ੍ਰੀਤ (ਅੰਮ੍ਰਿਤਸਰ),
ਸਿਮਰਨ ਕੌਰ (ਧਰਮਪੁਰ),
ਸੁਖਪ੍ਰੀਤ ਸਿੰਘ (ਮਾਨਸਾ),
ਹੈਵਨ-ਸੁਮਨ (ਫਗਵਾੜਾ),
ਵੰਸ਼ਿਕਾ (ਬੁਢਲਾਡਾ),
ਨਿਮਰਤਾ (ਬੁਢਲਾਡਾ),
ਜਸਨੂਰਪ੍ਰੀਤ (ਜਗਰਾਉਂ),
ਪਰਪ੍ਰੀਤ ਗੁਰਲਾਲ (ਹੀਰੋਂ ਖੁਰਦ),
ਅਨੰਨਿਆਂ (ਲਹਿਰਾਗਾਗਾ),
ਅਮ੍ਰਿਤ ਖੁਰਾਨਾ (ਜਲੰਧਰ),
ਗੁਰਵਿੰਦਰ (ਜੀਰਾ),
ਸ਼ੁਭਮ (ਪੁਰਹੀਰਾ)




## ਮਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ **25 ਮਈ 2019** ਤਕ ਸੰਪਾਦਕ, 'ਹੱਸਦੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੱਸਦੀ ਦੁਨੀਆ' ਦੇ **ਜੁਲਾਈ 2019** ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❒ ਮਦਨ-ਰਾਣਾ

# ਕਾਕਾ ਸਾਡਾ ਬੜਾ ਸਿਆਣਾ




ਮੰਨਦਾ ਏ ਸਭਨਾਂ ਦਾ ਕਹਿਣਾ।
ਕਾਕਾ ਸਾਡਾ ਬੜਾ ਸਿਆਣਾ।

ਜਦ ਵੀ ਕਹੀਏ ਪੜ੍ਹ ਲੈ ਕਾਕਾ,
ਝੱਟ-ਪਟ ਹੀ ਬਹਿ ਜਾਵੇ।

ਸੋਹਣਾ-ਸੋਹਣਾ ਲਿਖਦਾ ਏ,
ਛੇਤੀ ਕੰਮ ਮੁਕਾਵੇ।

ਵਿਚ ਸਕੂਲੇ ਸਾਰੇ ਇਸ ਨੂੰ,
ਕਰਦੇ ਬਹੁਤ ਪਿਆਰ।

ਰੋਜ ਸਵੇਰੇ ਜਲਦੀ ਉਠੱ ਕੇ,
ਆਖਦਾ ਏ ਧੰਨ ਨਿਰੰਕਾਰ।

ਜਦ ਬੋਲਦਾ ਮਿੱਠਾ ਬੋਲੇ,
ਸਭ ਦੇ ਮਨ ਨੂੰ ਭਾਵੇ।

ਲੱਗਦਾ ਇਉਂ ਜਿਉਂ ਕੰਨਾਂ ਵਿਚ,
ਮਿਸ਼ਰੀ ਘੋਲੀ ਜਾਵੇ।

ਸਤਿਸੰਗ ਦੇ ਵਿਚ ਰੋਜ ਹਮੇਸ਼ਾ,
ਨਾਲ ਅਸਾਂ ਦੇ ਜਾਵੇ।

ਕਦੇ-ਕਦਾਈਂ ਕਰਦਾ ਸਿਮਰਨ,
ਜਾਂ ਫਿਰ ਗੀਤ ਸੁਣਾਵੇ।



❒ ਰਾਮ ਕੁਮਾਰ

# ਹੁਣ ਚੋਰੀ ਨਹੀਂ

ਮੰਗਲਵਨ ਵਿੱਚ ਇੱਕ ਬਾਂਦਰ ਰਹਿੰਦਾ ਸੀ। ਉਸ ਦਾ ਨਾਂ ਸੀ ਚਿੰਪੂ। ਚਿੰਪੂ ਬਹੁਤ ਹੀ ਨਟਖਟ ਅਤੇ ਸ਼ਰਾਰਤੀ ਸੀ। ਇਹਨੀਂ ਦਿਨੀਂ ਉਸ ਨੂੰ ਚੋਰੀ ਕਰਨ ਦੀ ਬੜੀ ਬੁਰੀ ਆਦਤ ਪੈ ਗਈ ਸੀ। ਚਿੰਪੂ ਦਾ ਮਿੱਤਰ ਸੀ ਭਾਲੂ, ਜਿਸ ਨੂੰ ਸਾਰੇ ਜਾਨਵਰ ਕੱਲੂ ਕਹਿੰਦੇ ਸਨ। ਉਹ ਚਿੰਪੂ ਨੂੰ ਬਹੁਤ ਚਾਹੁੰਦਾ ਸੀ।

ਜੰਗਲ ਦੀ ਹੱਦ ਨਾਲ ਜੁੜਿਆ ਹੋਇਆ ਬਾਬੂਰਾਮ ਦਾ ਬਗੀਚਾ ਸੀ। ਉਸ ਬਗੀਚੇ ਵਿੱਚ ਅੰਬ, ਕੇਲੇ ਅਤੇ ਅੰਗੂਰ ਦੇ ਪੌਦੇ ਲੱਗੇ ਸਨ। ਉਂਝ ਤਾਂ ਉਸ ਬਗੀਚੇ ਦੀ ਦੇਖ-ਰੇਖ ਲਈ ਬਾਬੂਰਾਮ ਨੇ ਦੋ ਆਦਮੀਆਂ ਨੂੰ ਲਗਾ ਰੱਖਿਆ ਸੀ ਪਰ ਉਹਨਾਂ ਦੇ ਨਾ ਹੋਣ ਤੇ ਚਿੰਪੂ ਹੌਲੀ ਜਿਹੇ ਬਗੀਚੇ ਵਿੱਚ ਆਉਂਦਾ, ਮਜੇ ਨਾਲ ਕਦੇ ਅੰਗੂਰ ਖਾਂਦਾ ਤਾਂ ਕਦੇ ਅੰਬ ਤੇ ਕਦੇ ਕੇਲੇ। ਫਿਰ ਢੇਰ ਸਾਰੇ ਫਲ ਤੋੜ ਕੇ ਆਪਣੇ ਨਾਲ ਲੈ ਜਾਂਦਾ ਅਤੇ ਆਪਣੇ ਪਿਆਰੇ ਮਿੱਤਰ ਨੂੰ ਵੀ ਖਾਣ ਨੂੰ ਦੇਂਦਾ।

ਲਗਾਤਾਰ ਕਈ ਦਿਨਾਂ ਤਕ ਚਿੰਪੂ ਦੇ ਹੱਥੋਂ ਤਰ੍ਹਾਂ-ਤਰ੍ਹਾਂ ਦੇ ਫਲ ਖਾਣ ਦੇ ਬਾਦ ਕੱਲੂ ਨੂੰ ਸ਼ੱਕ ਹੋਇਆ। ਉਸ ਨੇ ਪੁੱਛਿਆ - ਚਿੰਪੂ ਤੂੰ ਇਹ ਮਿੱਠੇ ਅਤੇ ਸਵਾਦਿਸ਼ਟ ਫਲ ਕਿਥੋਂ ਲਿਆਉਂਦਾ ਹੈ ਯਾਰ..., ਆਪਣੇ ਜੰਗਲ ਵਿੱਚ ਤਾਂ ਅਜਿਹੇ ਫਲਾਂ ਦੇ ਇਕੇ-ਦੁੱਕੇ ਹੀ ਰੁੱਖ ਹਨ।

- ਯਾਰ, ਤੂੰ ਅੰਬ ਖਾ ਨਾ! ਗੁਠਲੀਆਂ ਕਿਉਂ ਗਿਣਦਾ ਹੈ? - ਚਿੰਪੂ ਲਾਪਰਵਾਹੀ ਨਾਲ ਕਹਿੰਦਾ।

ਪਰ ਕੱਲੂ ਨੂੰ ਚਿੰਤਾ ਹੋਈ। ਆਖਿਰ ਮੇਰਾ ਮਿੱਤਰ ਇਹ ਸਭ ਲਿਆਉਂਦਾ ਕਿਥੋਂ ਹੈ। ਕਿਤੇ ਉਹ ਕਿਸੇ ਮੁਸੀਬਤ ਵਿੱਚ ਨਾ ਫਸ ਜਾਏ।

ਇਧਰ ਬਾਬੂਰਾਮ ਦੇ ਮਾਲੀਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਉਹਨਾਂ ਦੀ ਗੈਰਹਾਜ਼ਰੀ ਵਿੱਚ ਇਕ ਸ਼ਰਾਰਤੀ ਅਤੇ ਚੋਰ ਬਾਂਦਰ ਬਗੀਚੇ ਵਿੱਚ ਆਉਂਦਾ ਹੈ।

ਉਹਨਾਂ ਨੇ ਉਸ ਬਾਂਦਰ ਨੂੰ ਫਸਾਉਣ ਦੀ ਇਕ ਤਰਕੀਬ ਲੱਭ ਲਈ।

ਮਾਲੀਆਂ ਨੇ ਟੋਕਰੀ ਭਰ ਕੇਲੇ ਤੋੜ ਕੇ ਬਗੀਚੇ ਵਿੱਚ ਇਕ ਰੁੱਖ ਦੇ ਥੱਲੇ ਰੱਖ ਦਿੱਤੇ ਅਤੇ ਉਸ ਰੁੱਖ ਦੀ



ਟਹਿਣੀ ਤੇ ਜਾਲ ਰੱਖ ਦਿਤਾ। ਫਿਰ ਉਸ ਜਾਲ ਤੋਂ ਨਿਕਲੀ ਇੱਕ ਪਤਲੀ ਰੱਸੀ ਨੂੰ ਟੋਕਰੀ ਵਿੱਚ ਰੱਖੇ ਕੇਲਿਆਂ ਦੇ ਬੰਡਲ ਨਾਲ ਬੰਨ੍ਹ ਦਿੱਤਾ।

ਚਿੰਪੂ ਆਪਣੇ ਸਮੇਂ ਤੇ ਆਇਆ ਅਤੇ ਮੈਦਾਨ ਸਾਫ਼ ਵੇਖ ਕੇ ਉਛਲਦੇ-ਕੁੱਦਦੇ ਹੋਏ ਉਹ ਬਗੀਚੇ ਵਿੱਚ ਵੜਿਆ।

ਤਦ ਉਸਦੀ ਨਜ਼ਰ ਰੁੱਖ ਹੇਠਾਂ ਕੇਲਿਆਂ ਨਾਲ ਭਰੀ ਟੋਕਰੀ ਤੇ ਪਈ। ਪੱਕੇ ਹੋਏ ਕੇਲਿਆਂ ਨੂੰ ਵੇਖ ਕੇ ਉਸ ਦੇ ਮੂੰਹ ਚੋਂ ਲਾਰ ਟਪਕਣ ਲੱਗੀ। ਉਹ ਲਾਲਚ ਵਿੱਚ ਹੇਠਾਂ ਉਤਰ ਕੇ ਟੋਕਰੀ ਦੇ ਕੋਲ ਪਹੁੰਚਾ ਅਤੇ ਜਿਉਂ ਹੀ ਉਸ ਨੇ ਕੇਲਿਆਂ ਨੂੰ ਉਠਾਣਾ ਚਾਹਿਆ ਤਾਂ ਜਾਲ ਅਤੇ ਕੇਲਿਆਂ ਵਿੱਚ ਬੰਨ੍ਹੀ ਰੱਸੀ ਖਿੱਚੀ ਗਈ। ਪੂਰਾ ਜਾਲ ਲਹਿਰਾ ਕੇ ਚਿੰਪੂ ਦੇ ਉਪਰ ਆ ਡਿੱਗਾ।

ਅਗਲੇ ਹੀ ਪਲ ਚਿੰਪੂ ਜਾਲ ਵਿੱਚ ਫਸ ਗਿਆ। ਉਹ ਉਸ ਵਿਚੋਂ ਮੁਕਤ ਹੋਣ ਲਈ ਹੱਥ-ਪੈਰ ਮਾਰਨ ਲੱਗਾ। ਚਿੰਪੂ ਬਹੁਤ ਘਬਰਾਇਆ, ਰੋਣ ਲੱਗਾ ਕਿ ਹੁਣ ਕੀ ਹੋਵੇਗਾ?

ਦੁਪਹਿਰ ਨੂੰ ਜਦ ਬਗੀਚੇ ਦੇ ਮਾਲੀ ਵਾਪਸ ਆਏ ਤਾਂ ਉਸ ਚੋਰ ਬਾਂਦਰ ਨੂੰ ਜਾਲ ਵਿੱਚ ਫਸਿਆ ਵੇਖ ਕੇ ਖੁਸ਼ ਹੋਏ। ਉਹ ਜਾਲ ਵਿੱਚ ਫਸੇ ਤੜਫਦੇ ਚਿੰਪੂ ਦੇ ਕੋਲ ਆ ਕੇ ਬੋਲੇ- ਬਹੁਤ ਚੁਰਾ-ਚੁਰਾ ਕੇ ਫਲ ਖਾ ਲਏ ਬਾਂਦਰ। ਹੁਣ ਮਦਾਰੀ ਕੋਲ ਜਾ ਕੇ ਤਾ-ਥਈਆ ਕਰਨਾ।

– ਚਲੋ ਭਾਈ, ਇਹਨੂੰ ਜਾਲ ਸਮੇਤ ਉਠਾ ਕੇ ਲੈ ਚਲਦੇ ਹਾਂ। – ਕਹਿ ਕੇ ਜਿਉਂ ਹੀ ਉਹ ਦੋਵੇਂ ਉਹਨੂੰ ਉਠਾਉਣ ਲਈ ਝੁਕੇ, ਤਦੇ ਉਹਨਾਂ ਨੂੰ ਭਾਲੂ ਦੀ ਗਰਜਨਾ ਸੁਣਾਈ ਦਿੱਤੀ। ਉਹ ਗੁੱਸੇ ਨਾਲ ਲਾਲ ਅੱਖਾਂ ਕਰੀ ਉਹਨਾਂ ਵੱਲ ਆ ਰਿਹਾ ਸੀ। ਦੋਵੇਂ ਮਾਲੀ ਇਹ ਵੇਖ ਕੇ ਚਿੰਪੂ ਨੂੰ ਉਥੇ ਛੱਡ, ਘਬਰਾ ਕੇ ਭੱਜੇ। ਉਹ ਭਾਲੂ ਤਾਂ ਚਿੰਪੂ ਦਾ ਮਿੱਤਰ ਕੱਲੂ ਸੀ। ਉਹ ਉਸ ਦੇ ਕੋਲ ਆਇਆ ਅਤੇ ਉਸ ਨੇ ਚਿੰਪੂ ਨੂੰ ਜਾਲ ਵਿਚੋਂ ਆਜ਼ਾਦ ਕੀਤਾ। ਜਾਲ ਤੋਂ ਮੁਕਤ ਹੁੰਦੇ ਹੀ ਚਿੰਪੂ ਆਪਣੇ ਮਿੱਤਰ ਦੇ ਗਲੇ ਜਾ ਲਗਾ ਅਤੇ ਬੋਲਿਆ- ਮਿੱਤਰ, ਅੱਜ ਤੂੰ ਆ ਕੇ ਮੈਨੂੰ ਬਚਾ ਲਿਆ ਵਰਨਾ ਉਹ ਮੈਨੂੰ ਮਦਾਰੀ ਕੋਲ ਪਹੁੰਚਾ ਦਿੰਦੇ। ਮਿੱਤਰ ਤੂੰ ਕਦੇ ਮੇਰਾ ਸਾਥ ਨਾ ਛੱਡਣਾ।

– ਇਕ ਸ਼ਰਤ ਤੇ – ਕੱਲੂ ਬੋਲਿਆ- ਤੂੰ ਮੈਨੂੰ ਵਚਨ ਦੇ ਕਿ ਤੂੰ ਲਾਲਚ ਅਤੇ ਚੋਰੀ ਨਹੀਂ ਕਰੇਗਾ। ਲਾਲਚੀ ਅਤੇ ਚੋਰ ਇਕ ਨਾ ਇਕ ਦਿਨ ਮੁਸੀਬਤ ਵਿੱਚ ਜ਼ਰੂਰ ਫਸਦੇ ਹਨ।

– ਮੈਨੂੰ ਮਾਫ਼ ਕਰ ਦੇ ਦੋਸਤ, ਮੈਂ ਵਾਅਦਾ ਕਰਦਾ ਹਾਂ ਕਿ ਅੱਜ ਦੇ ਬਾਦ ਮੈਂ ਆਪਣੇ ਜੰਗਲ ਵਿਚੋਂ ਬਾਹਰ ਨਹੀਂ ਨਿਕਲਾਂਗਾ। ਜੰਗਲ ਵਿੱਚ ਹੀ ਜੋ ਰੁੱਖਾ-ਸੁੱਖਾ ਮਿਲੇਗਾ ਉਸ ਨੂੰ ਖਾ ਕੇ ਸੰਤੁਸ਼ਟ ਰਹਾਂਗਾ ਪਰ ਲਾਲਚ ਅਤੇ ਚੋਰੀ ਕਦੇ ਨਹੀਂ ਕਰਾਂਗਾ। ■



# ਕਦੇ ਨਾ ਭੁੱਲੋ

* ਬਚਪਨ ਤੋਂ ਹੀ ਬੱਚਿਆਂ ਨੂੰ ਸੇਵਾ, ਸਿਮਰਨ, ਸਤਿਸੰਗ ਦੇ ਨਾਲ ਜੋੜਨ ਦਾ ਅਰਥ ਹੈ - ਉਹਨਾਂ ਨੂੰ ਨੇਕ ਇਨਸਾਨ ਅਤੇ ਚੰਗੇ ਨਾਗਰਿਕ ਬਣਾਉਣਾ। ਘਰ ਵਿੱਚ ਆਏ ਸੰਤ-ਮਹਾਤਮਾ ਦੀ ਸੇਵਾ ਕਰਦੇ ਸਮੇਂ ਬੱਚਿਆਂ ਨੂੰ ਅਗੇ ਕਰੋ, ਉਹਨਾਂ ਦੇ ਹੱਥਾਂ ਨਾਲ ਸੇਵਾ-ਸਤਿਕਾਰ ਕਰਵਾਉਣ ਅਤੇ ਚਰਨਾਮ੍ਰਿਤ ਆਦਿ ਬਣਵਾਉਣ ਨਾਲ ਬੱਚੇ ਭਗਤੀ ਦੇ ਇਹ ਦੈਵੀ ਗੁਣ ਸਹਿਜ ਵਿੱਚ ਸਿਖ ਜਾਂਦੇ ਹਨ।
* ਬੱਚਿਆਂ ਦਾ ਧਿਆਨ ਦਿਨ-ਪ੍ਰਤੀਦਿਨ ਵੱਧ ਰਹੇ ਦਿਖਾਵੇ ਅਤੇ ਫੈਸ਼ਨ ਤੋਂ ਹਟਾ ਕੇ ਉਹਨਾਂ ਨੂੰ ਮਿਹਨਤੀ ਜੀਵਨ ਜੀਣ ਦੀ ਪ੍ਰੇਰਣਾ ਦੇਣੀ ਚਾਹੀਦੀ ਹੈ ਕਿਉਂਕਿ ਆਉਣ ਵਾਲੇ ਸਮੇਂ ਵਿੱਚ ਨਾ ਜਾਣੇ ਉਹਨਾਂ ਨੂੰ ਕਿਹੜੀਆਂ-ਕਿਹੜੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈ ਜਾਣ। ਅਗਰ ਬੱਚੇ ਨਾਜ਼ੁਕ-ਮਿਜਾਜ ਬਣ ਜਾਣਗੇ ਤਾਂ ਆਉਣ ਵਾਲੀਆਂ ਕਠਿਨਾਈਆਂ ਦਾ ਸਾਹਮਣਾ ਨਹੀਂ ਕਰ ਸਕਣਗੇ।

– ਬਾਬਾ ਗੁਰਬਚਨ ਸਿੰਘ ਜੀ ਮਹਾਰਾਜ

* ਮਹਾਨ ਕੰਮ ਨੂੰ ਕਰਨ ਦਾ ਇਕ ਮਾਤਰ ਤਰੀਕਾ ਇਹ ਹੈ ਕਿ ਆਪ ਆਪਣੇ ਕੰਮ ਨਾਲ ਪਿਆਰ ਕਰੋ।

– ਸਟੀਵ ਜਾਬਸ

* ਜਿਵੇਂ ਇਕ ਦੀਵੇ ਦੀ ਰੋਸ਼ਨੀ ਦੂਰ ਤਕ ਫੈਲਦੀ ਹੈ, ਉਸੇ ਤਰ੍ਹਾਂ ਇਸ ਸੰਸਾਰ ਵਿੱਚ ਭਲਾਈ ਦੂਰ ਤਕ ਚਮਕਦੀ ਹੈ।

– ਸ਼ੇਕਸ਼ਪੀਅਰ

* ਸਾਡੀ ਪ੍ਰਾਰਥਨਾ ਬਸ ਆਸ਼ੀਰਵਾਦ ਪ੍ਰਾਪਤ ਕਰਨ ਲਈ ਹੋਣੀ ਚਾਹੀਦੀ ਹੈ ਕਿਉਂਕਿ ਈਸ਼ਵਰ ਜਾਣਦਾ ਹੈ ਕਿ ਸਾਡੇ ਲਈ ਕੀ ਚੰਗਾ ਹੈ।

– ਸੁਕਰਾਤ

* ਜੀਵਨ ਵਿੱਚ ਜ਼ਰੂਰੀ ਸਵਾਲ ਹੈ ਕਿ ਆਪ ਦੂਸਰਿਆਂ ਲਈ ਕੀ ਕਰ ਰਹੇ ਹੋ।

– ਮਾਰਟਿਨ ਲੂਥਰ ਕਿੰਗ

* ਮੈਂ ਅਜਿਹੇ ਧਰਮ ਨੂੰ ਮੰਨਦਾ ਹਾਂ ਜੋ ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ ਸਿਖਾਉਂਦਾ ਹੈ।

– ਚੰਦਰਸ਼ੇਖਰ ਆਜ਼ਾਦ

* ਮਾਫ਼ ਕਰਨਾ ਸਾਰਿਆਂ ਦੇ ਵਸ ਦੀ ਗੱਲ ਨਹੀਂ ਕਿਉਂਕਿ ਇਹ ਮਨੁੱਖ ਨੂੰ ਬਹੁਤ ਵੱਡਾ ਬਣਾ ਦਿੰਦਾ ਹੈ।

– ਸਵਾਮੀ ਦਯਾਨੰਦ ਸਰਸਵਤੀ

❑ ਸੰਗ੍ਰਿਹ ਕਰਤਾ : ਜਗਤਾਰ 'ਚਮਨ'

✍ ਗੁਰਚਰਨ ਸਿੰਘ ਬਰਾੜ

# ਚਾਕਲੇਟ ਦੀ ਕਹਾਣੀ

ਦੁਨੀਆਂ ਭਰ'ਚ ਚਾਕਲੇਟ ਟੌਫੀਆਂ ਬੱਚਿਆਂ ਵੱਲੋਂ ਅੱਜ ਬੜੇ ਸ਼ੌਕ ਨਾਲ ਖਾਧੀਆਂ ਜਾਂਦੀਆਂ ਹਨ। ਚਾਕਲੇਟ ਦਾ ਨਾਂਅ ਲੈਂਦੇ ਹੀ ਬੱਚਿਆਂ ਦੇ ਮੂੰਹ ਵਿਚ ਪਾਣੀ ਆਉਂਦਾ ਹੈ। ਦੁਨੀਆਂ ਭਰ ਵਿਚ ਅੱਜਕਲ੍ਹ ਚਾਕਲੇਟ ਟੌਫੀਆਂ ਕਈ ਰੰਗਾਂ, ਰੂਪਾਂ ਅਤੇ ਸੁਆਦਾਂ ਵਿਚ ਬਣਦੀਆਂ ਹਨ। ਅਮਰੀਕਾ ਹੀ ਇਕ ਅਜਿਹਾ ਦੇਸ਼ ਹੈ, ਜਿਥੇ ਹਰ ਸਾਲ ਤਿੰਨ ਅਰਬ ਪੌਂਡ ਟੌਫੀ ਚਾਕਲੇਟ ਬਣਦੇ ਹਨ। ਅਮਰੀਕਾ ਵਿਚੋਂ ਕਈ ਦੂਜੇ ਦੇਸ਼ਾਂ ਨੂੰ ਚਾਕਲੇਟ ਟੌਫੀਆਂ ਭੇਜੀਆਂ ਜਾਂਦੀਆਂ ਹਨ।

ਦੁਨੀਆ ਵਿਚ ਸਭ ਤੋਂ ਪਹਿਲਾਂ ਚਾਕਲੇਟ ਦਾ ਆਗਮਨ 11ਵੀਂ ਸਦੀ ਵਿਚ ਮਿਸਰ ਦੇ ਇਕ ਦੋਧੀ ਦੇ ਹੱਥੋਂ ਹੋਇਆ। ਇਕ ਦਿਨ ਉਸ ਦਾ ਕਾਫੀ ਦੁੱਧ ਬਚ ਗਿਆ। ਉਹ ਦੁੱਧ ਚੁੱਲ੍ਹੇ ਉਤੇ ਗਰਮ ਕਰਨ ਲਈ ਰੱਖ ਕੇ ਭੁੱਲ ਗਿਆ। ਜਦੋਂ ਕਾਫੀ ਸਮੇਂ ਤੋਂ ਬਾਅਦ ਉਸ ਨੂੰ ਦੁੱਧ ਦੀ ਯਾਦ ਆਈ ਤਾਂ ਦੁੱਧ ਮੱਚ ਕੇ ਮਾਵਾ ਜਿਹਾ ਬਣ ਚੁੱਕਾ ਸੀ। ਦੋਧੀ ਨੇ ਦਿਮਾਗ ਤੋਂ ਕੰਮ ਲਿਆ। ਉਸ ਨੇ ਮਾਵੇ ਵਰਗੇ ਗਾੜ੍ਹੇ ਘੋਲ ਵਿਚ ਸ਼ਹਿਦ ਅਤੇ ਇਲਾਇਚੀ ਮਿਲਾ ਕੇ ਪੰਜ-ਸੱਤ ਦਿਨ ਛਾਂ ਵਿਚ ਰੱਖ ਦਿੱਤਾ। ਜਦ ਇਹ ਮਿਸ਼ਰਣ ਸੁੱਕ ਗਿਆ ਤਾਂ ਉਸ ਨੇ ਇਸ ਦਾ ਇਕ ਟੁਕੜਾ ਖਾ ਕੇ ਦੇਖਿਆ ਤਾਂ ਉਸ ਨੂੰ ਬੇਹੱਦ ਸੁਆਦ ਲੱਗਾ। ਉਸ ਤੋਂ ਪਿੱਛੋਂ ਉਹ ਦੁੱਧ ਦੇ ਚਾਕਲੇਟ ਬਣਾ ਕੇ ਵੇਚਣ ਲੱਗਾ। 13ਵੀਂ ਸਦੀ ਵਿਚ ਰੋਮ ਵਿਚ ਖਰਬੂਜ਼ੇ, ਨਾਰੰਗੀ ਅਤੇ ਅੰਬ ਦੇ ਚਾਕਲੇਟ ਬਣਨ ਲੱਗ ਪਏ ਸਨ। ਹੌਲੀ-ਹੌਲੀ ਰੋਮ ਵਿਚ ਚਾਕਲੇਟ ਬਣਾਉਣ ਵਾਲੇ ਲੋਕਾਂ ਦੀ ਗਿਣਤੀ ਵਧਦੀ ਗਈ। ਕਈ ਲੋਕਾਂ ਨੇ ਅਖਰੋਟਾ ਨੂੰ ਖੰਡ ਦੀ ਚਾਸ਼ਣੀ ਦੇ ਨਾਲ ਮਿਲ ਕੇ ਚਾਕਲੇਟ ਬਣਾਈ, ਜੋ ਬੇਹੱਦ ਸੁਆਦ ਸੀ।

15ਵੀਂ ਸਦੀ ਵਿਚ ਰੂਸ ਵਿਚ ਚਾਕਲੇਟ ਬਣਾਉਣ ਦਾ ਇਕ ਵੱਡਾ ਕਾਰਖਾਨਾ ਲੱਗਾ। 16ਵੀਂ ਸਦੀ ਅਤੇ 17ਵੀਂ ਸਦੀ ਦੇ ਵਿਚਕਾਰ ਭਾਰਤ ਵਿਚ ਚਾਕਲੇਟ ਬਣਨੇ ਸ਼ੁਰੂ ਹੋਏ। ਇਥੇ ਚਾਕਲੇਟ ਵਿਚ ਗੰਨੇ ਦਾ ਰਸ ਵਰਤਿਆ ਜਾਣ ਲੱਗਾ ਸੀ। ਫਿਰ ਚੁਕੰਦਰ, ਨਾਰੰਗੀ, ਅਨਾਨਾਸ, ਮੱਕੀ ਦਾ ਆਟਾ ਵੀ ਚਾਕਲੇਟ ਵਿਚ ਵਰਤਿਆ ਜਾਣ ਲੱਗਾ। 18ਵੀਂ ਸਦੀ ਦੇ ਸ਼ੁਰੂ ਵਿਚ ਚਾਕਲੇਟ ਦੇ ਰੰਗ ਅਤੇ ਸੁਆਦ ਵਿਚ ਕਾਫੀ ਤਬਦੀਲੀ ਆ ਗਈ ਸੀ। ਇਸ ਤਰ੍ਹਾਂ ਹੀ ਟੌਫੀ ਅਤੇ ਚਾਕਲੇਟ ਦੇ ਆਧਾਰ 'ਤੇ ਹੀ ਅਮਰੀਕਾ ਦੇ ਇਕ ਵਿਗਿਆਨੀ ਨੇ ਬੱਚਿਆਂ ਲਈ ਆਈਸਕ੍ਰੀਮ ਬਣਾਉਣ ਦੀ ਖੋਜ ਕੀਤੀ, ਜੋ ਸੰਸਾਰ ਭਰ ਵਿਚ ਕਾਫੀ ਪ੍ਰਸਿੱਧ ਹੋਈ।

ਹੁਣ ਅਮਰੀਕਾ ਵਿਚ ਪੰਜ ਸੌ ਕਿਸਮ ਦੀ ਆਈਸਕ੍ਰੀਮ ਖਾਣਾ ਸਿਹਤ ਲਈ ਚੰਗਾ ਸਮਝਿਆ ਜਾਂਦਾ ਹੈ। ਇਹ ਰਿਵਾਇਤ ਵੀ ਅਮਰੀਕਾ ਤੋਂ ਹੀ ਸ਼ੁਰੂ ਹੋਈ। ਅੱਜਕਲ੍ਹ ਟੌਫੀ ਅਤੇ ਚਾਕਲੇਟ ਬਣਾਉਣ ਲਈ ਇਕ ਤੋਂ ਵਧ ਕੇ ਇਕ ਮਸ਼ੀਨਾਂ ਮਿਲ ਜਾਂਦੀਆਂ ਹਨ ਪਰ ਇਕ ਅਜਿਹਾ ਸਮਾਂ ਸੀ, ਜਦੋਂ ਬੜੀ ਮਿਹਨਤ ਤੇ ਮੁਸ਼ਕਿਲ ਨਾਲ ਚਾਕਲੇਟ ਤਿਆਰ ਕੀਤਾ ਜਾਂਦਾ ਸੀ। ਹੁਣ ਭਾਰਤ ਵਿਚ ਕਈ ਸਵਾਦਾਂ ਦੀਆਂ ਚਾਕਲੇਟ ਟੌਫੀਆਂ ਬਣਨ ਲੱਗੀਆਂ ਹਨ, ਜੋ ਵਿਦੇਸ਼ਾਂ ਵਿਚ ਵੀ ਕਾਫੀ ਮਸ਼ਹੂਰ ਹਨ। ●







ਇਤਿਹਾਸਕ ਕਥਾ : ਸ਼ਿਵਚਰਣ ਚੌਹਾਨ

# ਦੇਸ਼ ਦਾ ਬੇਟਾ

ਮਹਾਰਾਜਾ ਕ੍ਰਿਸ਼ਨਦੇਵ ਰਾਇ ਵਿਜੈਨਗਰ ਸਾਮਰਾਜ ਦੇ ਸਮਰਾਟ ਸਨ। ਉਹ ਬਹਾਦਰ ਅਤੇ ਨਿਆਂਪ੍ਰਿਯ ਸ਼ਾਸ਼ਕ ਸਨ। ਉਹਨਾਂ ਦੀ ਬਹਾਦਰੀ ਦੇ ਕਿੱਸੇ ਉਹਨਾਂ ਦੇ ਜਿਉਂਦੇ-ਜੀਅ ਕਹੇ ਸੁਣੇ ਜਾਣ ਲੱਗੇ ਸਨ। ਗਵਾਂਢੀ ਰਾਜ ਦੇ ਰਾਜਾ ਚੰਦਰਸ਼ੇਖਰ ਵੀ ਕ੍ਰਿਸ਼ਨਦੇਵ ਰਾਇ ਦੇ ਮਿੱਤਰ ਸਨ।

ਇਕ ਵਾਰ ਤੰਜੌਰ ਦੇ ਸ਼ਾਸ਼ਕ ਰਾਜਾ ਵੀਰਸ਼ੇਖਰ ਨੇ ਚੰਦਰਸ਼ੇਖਰ ਤੇ ਹਮਲਾ ਕਰ ਦਿੱਤਾ। ਵੀਰਸ਼ੇਖਰ, ਚੋਲਵੰਸ਼ ਦਾ ਸੀ ਅਤੇ ਚੋਲਵੰਸ਼ ਦੇ ਰਾਜਾ ਵਿਜੈਨਗਰ ਦੇ ਵੱਧਦੇ ਯਸ਼ ਦੇ ਕਾਰਨ ਕ੍ਰਿਸ਼ਨਦੇਵ ਰਾਇ ਦੇ ਦੁਸ਼ਮਣ ਬਣੇ ਹੋਏ ਸਨ। ਚੰਦਰਸ਼ੇਖਰ ਤੇ ਹਮਲੇ ਦੀ ਖਬਰ ਸੁਣ ਕੇ ਮਹਾਰਾਜ ਕ੍ਰਿਸ਼ਨਦੇਵ ਰਾਇ ਨੇ ਆਪਣੇ ਸੈਨਾਪਤੀ ਨਾਗਮਾਰਾਵ ਨਾਇਕ ਨੂੰ ਬੁਲਾਇਆ ਅਤੇ ਚੰਦਰਸ਼ੇਖਰ ਦੀ ਮਦਦ ਕਰਨ ਲਈ ਭੇਜਿਆ। ਨਾਗਮਾਰਾਵ ਨਾਇਕ ਨੇ ਵੀਰਸ਼ੇਖਰ ਦੀਆਂ ਸੇਨਾਵਾਂ ਨੂੰ ਖਦੇੜ ਦਿਤਾ ਪ੍ਰੰਤੂ ਉਸ ਦਾ ਮਨ ਚੰਦਰਸ਼ੇਖਰ ਦਾ ਸੰਪੰਨ ਰਾਜ ਵੇਖ ਕੇ ਵਿਗੜ ਗਿਆ। ਉਸ ਨੇ ਚੰਦਰਸ਼ੇਖਰ ਨੂੰ ਜੇਲ੍ਹ ਭਿਜਵਾ ਦਿੱਤਾ ਅਤੇ ਖੁਦ ਰਾਜਾ ਬਣ ਬੈਠਾ ਪ੍ਰੰਤੂ ਚੰਦਰਸ਼ੇਖਰ ਦਾ ਬੇਟਾ ਅਨੰਤਸ਼ੇਖਰ ਭੱਜ ਗਿਆ। ਉਸ ਨੇ ਮਹਾਰਾਜ ਕ੍ਰਿਸ਼ਨਦੇਵ ਰਾਇ ਦੇ ਦਰਬਾਰ ਵਿੱਚ ਹਾਜ਼ਿਰ ਹੋ ਕੇ ਨਾਗਮਾਰਾਵ ਨਾਇਕ ਦੀ ਕਰਤੂਤ ਬਿਆਨ ਕੀਤੀ। ਆਪਣੇ ਸੈਨਾਪਤੀ ਦੀ ਗੱਦਾਰੀ ਸੁਣ ਕੇ ਮਹਾਰਾਜ ਕ੍ਰਿਸ਼ਨਦੇਵ ਰਾਇ ਦਾ ਖ਼ੂਨ ਖੌਲ ਉਠਿਆ। ਉਹਨਾਂ ਨੇ ਰਾਜਭਰ ਵਿੱਚ ਮੁਨਾਦੀ ਕਰਵਾ ਦਿੱਤੀ ਕਿ ਜੋ ਵੀ ਵਿਅਕਤੀ ਨਾਗਮਾਰਾਵ ਨਾਇਕ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਲਿਆਏਗਾ ਉਹਨੂੰ ਇਨਾਮ ਦਿੱਤਾ ਜਾਏਗਾ।

ਮੁਨਾਦੀ ਕਰਵਾਏ ਇਕ ਹਫ਼ਤਾ ਹੋ ਗਿਆ ਪਰ ਕਿਸੇ ਨੇ ਮਹਾਰਾਜ ਦੇ ਸਾਹਮਣੇ ਆ ਕੇ ਬਾਗੀ ਸੈਨਾਪਤੀ ਨਾਗਮਾ ਨੂੰ ਗ੍ਰਿਫ਼ਤਾਰ ਕਰਨ ਦੀ ਚੁਨੌਤੀ ਸਵੀਕਾਰ ਨਹੀਂ ਕੀਤੀ। ਆਖਿਰ ਮਹਾਰਾਜ ਕ੍ਰਿਸ਼ਨਦੇਵ ਰਾਇ ਨੇ ਇਕ ਦਿਨ ਭਰੇ ਦਰਬਾਰ ਵਿੱਚ ਘੋਸ਼ਣਾ ਕੀਤੀ ਕਿ ਉਹ ਖੁਦ ਨਾਗਮਾ ਨੂੰ ਗ੍ਰਿਫ਼ਤਾਰ ਕਰਨ ਜਾਣਗੇ। ਤਦ ਇਕ ਨੌਜਵਾਨ ਦਰਬਾਰ ਵਿੱਚ ਆਇਆ ਉਸ ਨੇ ਕੜਕ ਕੇ ਕਿਹਾ- ਮਹਾਰਾਜ! ਮੈਂ ਜਾਵਾਂਗਾ ਸੈਨਾਪਤੀ ਨੂੰ ਗ੍ਰਿਫਤਾਰ ਕਰਨ ਲਈ ਅਤੇ ਜ਼ਿੰਦਾ ਜਾਂ ਮੁਰਦਾ ਜਿਸ ਰੂਪ ਵਿੱਚ ਸੰਭਵ ਹੋਇਆ, ਮੈਂ ਉਸ ਨੂੰ ਆਪ ਦੇ ਚਰਨਾਂ ਵਿੱਚ ਸੁੱਟ ਦੇਵਾਂਗਾ।

ਮਹਾਰਾਜ ਹੈਰਾਨ ਹੋ ਗਏ ਕਿਉਂਕਿ ਉਹ ਨੌਜਵਾਨ ਹੋਰ ਕੋਈ ਨਹੀਂ ਸੈਨਾਪਤੀ ਨਾਗਮਾਰਾਵ ਨਾਇਕ ਦਾ



ਬੇਟਾ ਵਿਸ਼ਵਨਾਥਰਾਵ ਨਾਇਕ ਸੀ। ਮਹਾਰਾਜ ਬੋਲੇ- ਸੈਨਾਪਤੀ ਦੇ ਪੁੱਤਰ, ਸੋਚ ਲਉ, ਕੀ ਤੂੰ ਜੋ ਕਹਿ ਰਿਹਾ ਹੈ ਉਹ ਕਰ ਸਕੇਗਾ?

-ਕਿਉਂ ਨਹੀਂ ਮਹਾਰਾਜ! – ਨੌਜਵਾਨ ਵਿਸ਼ਵਨਾਥਰਾਵ ਨਾਇਕ ਦ੍ਰਿੜਤਾ ਨਾਲ ਬੋਲਿਆ – ਮੈਂ ਸੈਨਾਪਤੀ ਨਾਗਮਾਰਾਵ ਦਾ ਬੇਟਾ ਹੋਣ ਤੋਂ ਪਹਿਲਾਂ ਇਸ ਦੇਸ਼ ਦਾ ਬੇਟਾ ਹਾਂ। ਮੈਂ ਇਸ ਮਿੱਟੀ ਦਾ ਅੰਨ ਅਤੇ ਨਮਕ ਖਾਧਾ ਹੈ। ਇਸ ਲਈ ਮਾਤਭੂਮੀ ਦੀ ਆਨ ਦੇ ਲਈ ਮੈਂ ਆਪਣੇ ਆਪ ਨੂੰ ਕੁਰਬਾਨ ਕਰਨਾ ਵੀ ਜਾਣਦਾ ਹਾਂ।

ਮਹਾਰਾਜ ਕ੍ਰਿਸ਼ਨਦੇਵ ਰਾਇ ਮੰਨ ਗਏ। ਉਹਨਾਂ ਨੇ ਵਿਸ਼ਵਨਾਥ ਨੂੰ ਇਕ ਵੱਡੀ ਸੈਨਾ ਦੇ ਕੇ ਨਾਗਮਾਰਾਵ ਨੂੰ ਗ੍ਰਿਫਤਾਰ ਕਰਨ ਭੇਜਿਆ। ਨਾਗਮਾਰਾਵ ਨਾਇਕ ਨੇ ਜਦ ਵੇਖਿਆ ਕਿ ਉਸਦਾ ਬੇਟਾ ਭਾਰੀ ਫੌਜ ਲੈ ਕੇ ਉਸ ਨੂੰ ਗ੍ਰਿਫਤਾਰ ਕਰਨ ਆਇਆ ਹੈ ਤਾਂ ਉਸ ਨੇ ਇਕ ਖਾਸ ਦੂਤ ਭੇਜ ਕੇ ਆਪਣੇ ਬੇਟੇ ਨੂੰ ਕਹਿਲਵਾਇਆ ਕਿ ਉਸ ਨੇ ਜੋ ਕੁਝ ਵੀ ਕੀਤਾ ਹੈ, ਤੇਰੇ ਲਈ ਕੀਤਾ ਹੈ। ਮੇਰੇ ਬਾਦ ਇਥੋਂ ਦੀ ਗੱਦੀ ਦਾ ਉਤਰਾਧਿਕਾਰੀ ਤੂੰ ਹੀ ਬਣੇਗਾ।

ਇਸ ਤੇ ਵਿਸ਼ਵਨਾਥ ਨੇ ਆਪਣੇ ਪਿਤਾ ਨੂੰ ਜਵਾਬ ਭਿਜਵਾਇਆ। – ਪਿਤਾਸ਼੍ਰੀ, ਮੈਂ ਪਹਿਲਾਂ ਵਿਜੈਨਗਰ ਦਾ ਬੇਟਾ ਹਾਂ ਬਾਦ ਵਿੱਚ ਆਪ ਦਾ। ਆਪ ਨੇ ਆਪਣੇ ਸਵਾਮੀ ਅਤੇ ਦੇਸ਼ ਦੇ ਨਾਲ ਗੱਦਾਰੀ ਕਰਕੇ ਹੁਣ ਪਿਤਾ ਕਹਾਉਣ ਦਾ ਹੱਕ ਵੀ ਖ਼ਤਮ ਕਰ ਦਿੱਤਾ ਹੈ। ਆਪ ਦੀ ਭਲਾਈ ਇਸੇ ਵਿੱਚ ਹੈ ਕਿ ਆਪ ਤੁਰੰਤ ਆਤਮਸਮਰਪਣ ਕਰ ਦਿਉ।

ਨਾਗਮਾਰਾਵ ਨੇ ਕਈ ਚਾਲਾਂ ਚੱਲੀਆਂ ਕਿ ਉਸ ਦਾ ਬੇਟਾ ਉਸ ਦੇ ਜਾਲ ਵਿੱਚ ਫਸ ਜਾਏ ਪਰ ਉਹ ਅਸਫਲ ਰਿਹਾ। ਅੰਤ ਵਿੱਚ ਬਾਪ-ਬੇਟੇ ਦੀਆਂ ਸੈਨਾਵਾਂ ਵਿੱਚ ਘਮਸਾਣ ਯੁੱਧ ਹੋਇਆ। ਬਾਪ-ਬੇਟਾ ਆਹਮਣੇ-ਸਾਹਮਣੇ ਤਲਵਾਰਾਂ ਖਿਚ ਕੇ ਆ ਗਏ। ਨਾਗਮਾਰਾਵ ਅਸਾਧਾਰਣ ਵੀਰ ਸਨ, ਕਦੇ ਕਿਸੇ ਤੋਂ ਹਾਰਿਆ ਨਹੀਂ ਸੀ ਪ੍ਰੰਤੂ ਅੱਜ ਉਸ ਦਾ ਹੀ ਬੇਟਾ, ਉਸ ਤੇ ਭਾਰੀ ਪੈ ਰਿਹਾ ਸੀ। ਦਿਨਭਰ ਦੇ ਯੁੱਧ ਦੇ ਬਾਅਦ ਨਾਗਮਾਰਾਵ ਦੀ ਹਾਰ ਹੋਈ। ਵਿਸ਼ਵਨਾਥ ਨੇ ਆਪਣੇ ਬਾਪ ਦੀਆਂ ਮੁਸ਼ਕਾ ਬੰਨ੍ਹ ਕੇ ਉਹਨੂੰ ਵਿਜੈ ਨਗਰ ਲਿਆਂਦਾ ਅਤੇ ਮਹਾਰਾਜ ਕ੍ਰਿਸ਼ਨਦੇਵ ਦੇ ਸਾਹਮਣੇ ਖੜਾ ਕਰ ਦਿੱਤਾ।

ਮਹਾਰਾਜ ਕ੍ਰਿਸ਼ਨਦੇਵ ਰਾਇ, ਵਿਸ਼ਵਨਾਥਰਾਵ ਤੋਂ ਬਹੁਤ ਖੁਸ਼ ਹੋਏ ਅਤੇ ਬੋਲੇ- ਵਿਸ਼ਵਨਾਥ, ਤੂੰ ਅੱਜ ਉਹ ਕਰ ਦਿਖਾਇਆ ਜਿਸ ਦੀ ਮਿਸਾਲ ਇਤਿਹਾਸ ਵਿੱਚ ਬਹੁਤ ਘੱਟ ਮਿਲਦੀ ਹੈ। ਤੂੰ ਵਿਜੈਨਗਰ ਦੇ ਨਮਕ ਦਾ ਕਰਜ ਅਦਾ ਕਰ ਦਿੱਤਾ ਹੁਣ ਤੂੰ ਚਾਹੇ ਤਾਂ ਵਿਜੈਨਗਰ ਦਾ ਰਾਜ ਮੰਗ ਲੈ ਮੈਂ ਦੇ ਦੇਵਾਂਗਾ।

ਵਿਸ਼ਵਨਾਥ ਰਾਵ ਨਾਇਕ ਮਹਾਰਾਜ ਕ੍ਰਿਸ਼ਨਦੇਵ ਦੇ ਚਰਨਾਂ ਵਿੱਚ ਡਿਗ ਪਿਆ।- ਮਹਾਰਾਜ, ਮੈਨੂੰ ਵਿਜੈਨਗਰ ਦਾ ਸਾਮਰਾਜ ਨਹੀਂ ਚਾਹੀਦਾ। ਕਰ ਸਕੋ ਤਾਂ ਮੇਰੇ ਪਿਤਾ ਨੂੰ ਮਾਫ਼ ਕਰ ਦਿਉ। ਇਹ ਭਟਕ ਗਏ ਸਨ।

ਮਹਾਰਾਜ ਕ੍ਰਿਸ਼ਨਦੇਵ ਰਾਇ ਹੈਰਾਨ ਰਹਿ ਗਏ। ਕਿ ਹੁਣ ਤਕ ਆਪਣੇ ਬਾਪ ਦੇ ਖ਼ੂਨ ਦਾ ਪਿਆਸਾ ਬੇਟਾ ਉਸ ਦੀ ਜ਼ਿੰਦਗੀ ਮੰਗ ਰਿਹਾ ਹੈ। ਥੋੜਾ ਸੋਚ ਕੇ ਮਹਾਰਾਜ ਬੋਲੇ- ਵਿਸ਼ਵਨਾਥ, ਤੇਰੀ ਵਜ੍ਹਾ ਨਾਲ ਮੈਂ ਤੇਰੇ ਪਿਤਾ ਨੂੰ ਸਾਰੇ ਅਪਰਾਧਾਂ ਤੋਂ ਮੁਕਤ ਕਰਕੇ ਆਜ਼ਾਦ ਕਰਦਾ ਹਾਂ ਅਤੇ ਤੈਨੂੰ ਰਾਜ ਦਾ ਸੈਨਾਪਤੀ ਬਣਾਉਂਦਾ ਹਾਂ।

ਵਿਸ਼ਵਨਾਥ ਨੇ ਆਪਣੇ ਪਿਤਾ ਦੇ ਬੰਧਨ ਆਪਣੇ ਹੱਥਾਂ ਨਾਲ ਖੋਲ੍ਹੇ ਤਾਂ ਬਾਪ ਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਧਾਰਾ ਵਹਿਣ ਲੱਗੀ। ਨਾਗਮਾਰਾਵ ਨਾਇਕ ਨੇ ਬੇਟੇ ਨੂੰ ਗਲੇ ਲਗਾ ਲਿਆ ਅਤੇ ਬੋਲਿਆ- ਬਾਪ ਆਪਣੇ ਬੇਟੇ ਨੂੰ ਗਲਤ ਰਾਹ ਤੇ ਜਾਣ ਤੋਂ ਰੋਕਦਾ ਹੈ ਪਰ ਇਥੇ ਤਾਂ ਉਲਟਾ ਹੋਇਆ ਤੂੰ ਆਪਣੇ ਬਾਪ ਨੂੰ ਗਲਤ ਰਾਹ ਤੇ ਜਾਣ ਤੋਂ ਬਚਾ ਲਿਆ। ਮੈਂ ਧੰਨ ਹੋ ਗਿਆ।

ਦਰਬਾਰ, ਵਿਸ਼ਵਨਾਥ ਨਾਇਕ ਦੇ ਜੈਕਾਰਿਆਂ ਨਾਲ ਗੂੰਜ ਉਠਿਆ।

# ਦਾਦਾ ਜੀ




ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ












ਉਸ ਗਿੱਦੜ ਨੇ ਬਲਦ ਅਤੇ ਬਾਰਾਸਿੰਗਾ ਦੇ ਨਾਲ ਦੋਸਤੀ ਕਰਨ ਦੀ ਸੋਚੀ। ਉਹ ਦੋਵੇਂ ਗਿੱਦੜ ਦੀਆਂ ਚਿਕਨੀਆਂ-ਚੋਪੜੀਆਂ ਗੱਲਾਂ ਵਿੱਚ ਆ ਗਏ।
ਕੁਝ ਦਿਨਾਂ ਬਾਅਦ ਹੀ ਉਸ ਨੇ ਆਪਣੀ ਯੋਜਨਾ ਅਨੁਸਾਰ ਬਲਦ ਅਤੇ ਬਾਰਾਸਿੰਗਾ ਨੂੰ ਇਕ-ਦੂਸਰੇ ਦੇ ਖਿਲਾਫ ਕੰਨ ਭਰਨੇ ਸ਼ੁਰੂ ਕਰ ਦਿਤੇ।
ਉਹ ਬਾਰਾਂਸਿੰਗਾ ਨੂੰ ਬੋਲਿਆ, '' ਮਿੱਤਰ! ਤੈਨੂੰ ਬਲਦ ਮਾਰਨਾ ਚਾਹੁੰਦਾ ਹੈ। ਇਹ ਗੱਲ ਉਹਨੇ ਮੈਨੂੰ ਆਖੀ ਹੈ।'


ਅਗਲੇ ਦਿਨ ਗਿੱਦੜ ਨੇ ਬਲਦ ਨੂੰ ਜਾ ਕੇ ਕਿਹਾ, ''ਬਲਦ ਭਾਈ! ਹੁਣੇ-ਹੁਣੇ ਬਾਰਾਂਸਿੰਗਾ ਮੈਨੂੰ ਕਹਿ ਰਿਹਾ ਸੀ ਕਿ ਉਹ ਤੈਨੂੰ ਸਿੰਗਾਂ ਨਾਲ ਮਾਰ ਦੇਵੇਗਾ।''
ਇਸ ਤਰ੍ਹਾਂ ਗਿੱਦੜ ਦੀ ਗੱਲ ਨੇ ਦੋਹਾਂ ਮਿੱਤਰਾਂ ਵਿਚਕਾਰ ਸ਼ੱਕ ਦਾ ਬੀਜ ਪਾ ਦਿੱਤਾ ਕਿਉਂਕਿ ਉਹ ਦੋਵੇਂ ਕੰਨਾਂ ਦੇ ਕੱਚੇ ਅਤੇ ਹੰਕਾਰੀ ਸਨ।
ਉਹ ਗਿੱਦੜ ਦੀ ਗੱਲ ਮੰਨ ਕੇ ਇੱਕ ਦੂਜੇ ਦੇ ਦੁਸ਼ਮਣ ਬਣ ਬੈਠੇ ਅਤੇ ਅਲਗ-ਅਲਗ ਰਹਿਣ ਲੱਗੇ।
ਗਿੱਦੜ ਨੇ ਵੀ ਆਪਣੀ ਯੌਂਜਨਾ ਅਨੁਸਾਰ ਉਹਨਾਂ ਨੂੰ ਇਕ-ਦੂਜੇ ਦੇ ਖਿਲਾਫ ਭੜਕਾਉਣ ਦਾ ਕੰਮ ਜਾਰੀ ਰੱਖਿਆ।


ਇਕ ਦਿਨ ਗੁੱਸੇ ਵਿੱਚ ਉਹ ਦੋਵੇਂ ਇਕ-ਦੂਜੇ ਦੇ ਆਹਮਣੇ-ਸਾਹਮਣੇ ਆ ਗਏ ਅਤੇ ਗਿੱਦੜ ਨੇ ਵੇਖਿਆ ਕਿ ਬਲਦ ਅਤੇ ਬਾਰਾਂਸਿੰਗਾ ਲੜਨ ਲਈ ਮੈਦਾਨ ਵਿੱਚ ਉਤੱਰ ਆਏ ਹਨ।
ਉਹ ਉਹਨਾਂ ਦੀ ਲੜਾਈ ਵੇਖਣ ਲਈ ਇਕ ਝਾੜੀ ਪਿੱਛੇ ਲੁਕ ਕੇ ਬੈਠ ਗਿਆ।
ਉਹ ਦੋਵੇਂ ਲੜਦੇ-ਲੜਦੇ ਲਹੂ-ਲੁਹਾਨ ਹੋ ਕੇ ਡਿਗ ਗਏ।
ਧੋਖੇਬਾਜ ਗਿੱਦੜ ਨੇ ਇਸ ਮੌਕੇ ਦਾ ਫਾਇਦਾ ਉਠਾਇਆ ਅਤੇ ਉਸ ਨੇ ਦੋਹਾਂ ਦਾ ਅੰਤ ਕਰ ਦਿਤਾ।
ਸਿਖਿਆ : ਤੀਸਰੇ ਦੀ ਮਕਾਰੀ ਦੋ ਦੋਸਤਾਂ ਵਿੱਚ ਦੁਸ਼ਮਣੀ ਪੈਦਾ ਕਰ ਦਿੰਦੀ ਹੈ। ਇਸ ਲਈ ਦੋਸਤੀ ਸੋਚ-ਪਰਖ ਕੇ ਹੀ ਕਰਨੀ ਚਾਹੀਦੀ ਹੈ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ!





kids Nirankari
spiritual dreamland for kids

# Spiritual Zone for kids



**With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.**

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment





# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

ਸੰਤ ਨਿਰੰਕਾਰੀ (ਗਿਆਰਾਂ ਭਾਸ਼ਾਵਾਂ ਵਿਚ) ਏਕ ਨਜ਼ਰ (ਤਿੰਨ ਭਾਸ਼ਾਵਾਂ ਵਿਚ) ਹੰਸਤੀ ਦੁਨੀਆ (ਚਾਰ ਭਾਸ਼ਾਵਾਂ ਵਿੱਚ)

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

**ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ**

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101
Ph. 0342-2657219

**ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।**


Posted at NDPSO Prescribed dates 23rd & 24th. Date of Publication: 17th & 18th (Advance Month)